
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 52
April 5, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੋਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ 2150 ਕ੍ਰਿਸਟਵਿਊ ਡ੍ਰਾਈਵ, ਪਿਟਸਬਰਗ (ਕੈਲੇਫੋਰਨੀਆ) 94563 ਵਿਖੇ 9 ਅਪ੍ਰੈਲ 2017 (ਦਿਨ ਐਤਵਾਰ) ਨੂੰ ਅੱਠਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਜੋਤੀ-ਜੋਤ ਦਿਵਸ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

**(ਹੋਰ ਜਾਣਕਾਰੀ ਲਈ ਇਸ਼ਤਿਹਾਰ ਦੇਖੋ ਸਫਾ 17 'ਤੇ)**

# ਪੰਜਾਬ ਸਰਕਾਰ ਦਾ ਮਾਲੀ ਸੰਕਟ ਹੋਇਆ ਗੰਭੀਰ

## ਪੰਜ ਲੱਖ ਦੇ ਕਰੀਬ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਪਹਿਲੇ ਮਹੀਨੇ ਦੀ ਤਨਖ਼ਾਹ ਦੇਣੀ ਵੀ ਔਖੀ ਹੋਈ

**ਚੰਡੀਗੜ੍ਹ (ਬਿਊਰੋ)–** ਪੰਜਾਬ ਸਰਕਾਰ ਗੰਭੀਰ ਮਾਲੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ) ਵੱਲੋਂ ਪਿਛਲੇ ਦਿਨੀਂ ਓਵਰ ਡਰਾਫਟਿੰਗ ਕਾਰਨ ਸਰਕਾਰ ਦੇ ਸਾਰੇ ਬੈਂਕਾਂ ਦੇ ਖਾਤੇ ਸੀਲ ਕਰ ਕੇ ਅਦਾਇਗੀਆਂ ਰੋਕਣ ਦੇ ਮੁੱਦੇ ਨੂੰ ਹੱਲ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਫਿਲਹਾਲ ਖਜ਼ਾਨਾ ਦਫ਼ਤਰਾਂ ਨੇ ਤਨਖ਼ਾਹਾਂ ਰਿਲੀਜ਼ ਕਰਨ ਲਈ ਕੋਈ ਸੰਕੇਤ ਨਹੀਂ ਦਿੱਤੇ। ਭਾਵੇਂ ਹਰੇਕ ਵਰ੍ਹੇ ਮਾਰਚ ਮਹੀਨੇ ਦੀ ਤਨਖ਼ਾਹ ਦੋ-ਚਾਰ ਦਿਨ ਦੇਰੀ ਨਾਲ ਮਿਲਦੀ ਹੈ ਪਰ ਇਸ ਵਾਰ ਬਜਟ ਐਲੋਕੇਸ਼ਨ ਨਾਲ ਸਰਕਾਰ ਵਿੱਤੀ ਸੰਕਟ ਵਿੱਚ ਵੀ ਘਿਰੀ ਪਈ ਹੈ। ਫਿਲਹਾਲ ਵਿੱਤ ਵਿਭਾਗ ਨੇ ਤਨਖ਼ਾਹਾਂ ਦਾ ਬਜਟ ਆਨਲਾਈਨ ਨਹੀਂ ਕੀਤਾ, ਜਿਸ ਕਾਰਨ ਨੇੜਲੇ ਭਵਿੱਖ ਵਿੱਚ ਤਨਖ਼ਾਹਾਂ ਜਾਰੀ ਹੋਣ ਬਾਰੇ ਸ਼ੰਕੇ ਬਰਕਰਾਰ ਹਨ। ਵਿੱਤ ਵਿਭਾਗ ਵੱਲੋਂ ਬਜਟ ਆਨਲਾਈਨ ਕਰਨ ਦੀ ਪ੍ਰਕਿਰਿਆ ਚਲਾਉਣ ਤੋਂ ਬਾਅਦ ਹੀ ਵਿਭਾਗਾਂ ਦੇ ਮੁਖੀਆਂ ਵੱਲੋਂ ਬਜਟ ਦੀ ਵੰਡ ਕਰਨ ਲਈ ਪ੍ਰਕਿਰਿਆ



ਚਲਾਈ ਜਾਵੇਗੀ। ਇਸ ਪਿੱਛੋਂ ਵੱਖ-ਵੱਖ ਡੀਡੀਓਜ਼ ਨੂੰ ਬਜਟ ਦੀ ਐਲੋਕੇਸ਼ਨ ਕੀਤੀ ਜਾਵੇਗੀ। ਰਾਜ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵੱਲੋਂ ਡੀਡੀਓਜ਼ ਨੂੰ ਬਜਟ ਐ-ਲੋਕੇਸ਼ਨ ਹੋਣ ਤੋਂ ਬਾਅਦ ਹੀ ਤਨਖ਼ਾਹਾਂ ਦੇ ਬਿੱਲ ਪਾਸ ਕੀਤੇ ਜਾਣਗੇ। ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਬਜਟ ਆਨਲਾਈਨ ਕਰਨ ਪਿੱਛੋਂ ਅੱਗੇ ਡੀਡੀਓਜ਼ ਨੂੰ ਐ-ਲੋਕੇਸ਼ਨ ਕਰਨ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਖਜ਼ਾਨਾ ਵਿਭਾਗ ਦੇ ਸੂਤਰਾਂ ਅਨੁਸਾਰ ਆਰਬੀਆਈ ਨੇ ਇਸ ਵਾਰ ਮਾਰਚ ਮਹੀਨੇ ਦੌਰਾਨ ਪੰਜਾਬ ਸਰਕਾਰ ਦੇ ਸਮੂਹ ਖਾਤੇ ਸੀਲ ਕਰਨ ਕਰਕੇ 31 ਮਾਰਚ ਤਕ ਪਿਛਲੀਆਂ ਅਦਾਇਗੀਆਂ ਜਾਰੀ ਕਰਨ ਦੀ ਰਵਾਇਤ 'ਤੇ ਪੋਚਾ ਫੇਰ ਦਿੱਤਾ ਹੈ। ਇਸ ਵਾਰ 31 ਮਾਰਚ ਨੂੰ ਵੀ ਸਰਕਾਰ ਕੁਝ ਅਹਿਮ ਅਦਾਇਗੀਆਂ ਨਹੀਂ ਕਰ ਸਕੀ।

ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਲੀ ਬਾਦਲ ਸਰਕਾਰ ਦੇ

**(ਬਾਕੀ ਸਫਾ 7 ਤੇ)**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਗੁਰਪੁਰਬ 9 ਅਪ੍ਰੈਲ ਨੂੰ

**ਸਬੰਧਤ ਇਸ਼ਤਿਹਾਰ ਦੇਖੋ ਸਫਾ 12 ਅਤੇ 13 'ਤੇ**



# ਸੰਤ ਸੀਚੇਵਾਲ ਸਮੇਤ 39 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰ

ਨਵੀਂ ਦਿੱਲੀ (ਬਿਊਰੋ)– ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਸਾਬਕਾ ਕੇਂਦਰੀ ਮੰਤਰੀ ਤੇ ਭਾਜਪਾ ਦੇ ਸੀਨੀਅਰ ਨੇਤਾ ਡਾ. ਮੁਰਲੀ ਮਨੋਹਰ ਜੋਸ਼ੀ, ਐਨ.ਸੀ.ਪੀ ਨੇਤਾ ਸ਼ਰਦ ਪਵਾਰ, ਮਰਹੂਮ ਲੋਕ ਸਭਾ ਸਪੀਕਰ ਪੀ ਏ ਸੰਗਮਾ, ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ, ਉਘੇ ਵਾਤਾਵਰਨ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ, ਰੀਓ ਪੈਰਾਲੰਪਿਕ 'ਚ ਚਾਂਦੀ ਦਾ ਤਗਮਾ ਜਿੱਤਣ ਵਾਲੀ ਦੀਪਾ ਮਲਿਕ ਤੇ ਨਾਮਵਰ ਗਾਇਕਾ ਅਨੁਰਾਧਾ ਪੌਡਵਾਲ ਸਮੇਤ 39 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਹੈ। ਰਾਸ਼ਟਰਪਤੀ ਭਵਨ ਦੇ ਇਤਿਹਾਸਕ ਦਰਬਾਰ ਹਾਲ 'ਚ ਕਰਵਾਏ ਗਏ ਸਮਾਗਮ ਦੌਰਾਨ ਰਾਸ਼ਟਰਪਤੀ ਨੇ 4 ਸਖਸ਼ੀਅਤਾਂ ਨੂੰ ਪਦਮ ਵਿਭੂਸ਼ਣ, 2 ਨੂੰ ਪਦਮ ਭੂਸ਼ਣ ਤੇ 33 ਨੂੰ ਪਦਮਸ੍ਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ।



ਭਾਰਤ ਦੇ ਦੂਸਰੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਪੁਰਸਕਾਰ ਨਾਲ ਸ੍ਰੀ ਜੋਸ਼ੀ, ਸ਼ਰਦ ਪਵਾਰ, ਪੁਲਾੜ ਵਿਗਿਆਨੀ ਪ੍ਰੋ. ਉਦੀਪੀ ਰਾਮਾਚੰਦਰ ਰਾਉ ਤੇ ਮਰਹੂਮ ਪੀ ਏ ਸੰਗਮਾ ਨੂੰ ਸਨਮਾਨਿਤ ਕੀਤਾ, ਸੰਗਮਾ ਦਾ ਪੁਰਸਕਾਰ ਉਨ੍ਹਾਂ ਦੀ ਪਤਨੀ ਨੇ ਪ੍ਰਾਪਤ ਕੀਤਾ। ਯੋਗਾ ਗੁਰੂ ਸਵਾਮੀ ਨਿਰੰਜਣਨੰਦ ਸਰਸਵਤੀ ਤੇ ਥਾਈ ਰਾਜਕੁਮਾਰੀ ਮਹਾ ਚਕਰੀ ਸਿਰੀਨਧੋਰਨ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਪਦਮਸ੍ਰੀ ਪ੍ਰਾਪਤ ਕਰਨ ਵਾਲਿਆਂ 'ਚ ਉਘੇ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ, ਕ੍ਰਿਕਟ ਖਿਡਾਰੀ ਵਿਰਾਟ ਕੋਹਲੀ, ਦੀਪਾ ਮਲਿਕ, ਪੀ ਆਰ ਸ੍ਰੀਜੇਸ਼, ਗਾਇਕਾ ਅਨੁਰਾਧਾ ਪੌਡਵਾਲ, ਲੋਕ ਗਾਇਕਾ ਬਸੰਤੀ ਬਿਸ਼ਟ, ਪ੍ਰੋ. ਅਨੰਤ ਅਗਰਵਾਲ, ਸ੍ਰੀ ਪੂਨਮ ਸੂਰੀ ਡਾ. ਟੀ ਕੇ ਵਿਸ਼ਵਾਨ

**(ਬਾਕੀ ਸਫਾ 7 ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)




ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-338-5511
Email:
IndiaMarketRoseville@gmail.com

# ਅਮਰੀਕਾ ਦੇ ਕਾਂਗਰਸਮੈਨਾਂ ਵੱਲੋਂ ਵਿਸਾਖੀ ਨੂੰ ਮਾਨਤਾ ਦਿਵਾਉਣ ਲਈ ਪਵੇਗਾ ਮਤਾ

## ਵਿਸਾਖੀ ਨੂੰ 'ਵਰਲਡ ਸਿੱਖ ਡੇਅ' ਨਿਰਧਾਰਿਤ ਕਰਾਉਣ ਲਈ ਸਿੱਖ ਜਥੇਬੰਦੀਆਂ ਸਰਗਰਮ

**ਈਸਟ ਕੋਸਟ (ਅਮਰੀਕਾ) (ਹੁਸਨ ਲੜੋਆ ਬੰਗਾ)–** ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ. ਐਸ. ਏ.) ਅਤੇ ਅਮਰੀਕਾ ਦੇ ਸਿੱਖ ਕਾਂਗਰਸਮੈਨਾਂ ਵੱਲੋਂ ਬਣਾਇਆ 'ਸਿੱਖ ਕਾਕਸ' ਵੱਲੋਂ ਸਾਂਝੇ ਤੌਰ ਤੇ ਕੀਤੇ ਉਪਰਾਲੇ ਸਦਕਾ 5 ਅਪ੍ਰੈਲ ਨੂੰ ਅਮਰੀਕਾ ਦੀ ਵਾਸ਼ਿੰਗਟਨ ਡੀ. ਸੀ. ਵਿਚ ਸਥਿਤ ਕੈਪੀਟਲ ਹਿੱਲ ਵਿਚ ਕਾਂਗਰਸਮੈਨਾਂ ਵੱਲੋਂ ਇਹ ਮਤਾ ਪਾਇਆ ਜਾਵੇਗਾ ਕਿ ਵਿਸਾਖੀ ਸਿੱਖਾਂ ਦਾ ਮਾਨਤਾ ਪ੍ਰਾਪਤ ਦਿਵਸ ਹੈ, ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਖਾਲਸੇ ਨੂੰ ਇਕ ਦਿੱਖ ਪ੍ਰਦਾਨ ਕੀਤੀ ਸੀ।



ਅਮਰੀਕਾ ਵਿਚ 100 ਤੋਂ ਵੱਧ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦੱਸਿਆ ਕਿ ਵਿਸਾਖੀ ਨੂੰ 'ਵਰਲਡ ਸਿੱਖ ਡੇਅ' ਦੇ ਤੌਰ ਤੇ ਨਿਰਧਾਰਿਤ ਕਰਾਉਣ ਲਈ ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਮਤੇ ਪਵਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਕੀਤਾ ਹੋਇਆ ਹੈ। ਇਸ ਲਈ 8 ਅਪ੍ਰੈਲ ਨੂੰ ਅਮਰੀਕਾ ਕੈਪੀਟਲ ਵਾਸ਼ਿੰਗਟਨ ਡੀ. ਸੀ. ਵਿਚ ਨੈਸ਼ਨਲ ਸਿੱਖ ਡੇਅ ਪਰੇਡ ਕਰਨ ਲਈ ਤਿਆਰੀਆਂ ਕਰੀਬ-ਕਰੀਬ ਮੁਕੰਮਲ ਵੀ ਕਰ ਲਈਆਂ ਗਈਆਂ ਹਨ। ਇਸ ਸਬੰਧੀ ਅੱਜ ਪਾਈਨਹਿੱਲ (ਨਿਊਜਰਸੀ) ਦੇ ਗੁਰਦੁਆਰਾ ਸਾਹਿਬ ਵਿਚ ਮੀਟਿੰਗ ਵੀ ਕੀਤੀ ਗਈ। ਹਿੰਮਤ ਸਿੰਘ ਨੇ ਦੱਸਿਆ ਕਿ ਸਾਡਾ ਪਹਿਲਾ ਨਿਸ਼ਾਨਾ ਹੈ ਕਿ ਸਾਡੇ ਸਿੱਖਾਂ ਦੇ ਪਵਿੱਤਰ ਦਿਹਾੜੇ ਵਿਸਾਖੀ ਨੂੰ ਅਮਰੀਕਾ ਦਾ 'ਨੈਸ਼ਨਲ ਸਿੱਖ ਡੇਅ' ਨਿਰਧਾਰਿਤ ਕਰਵਾ ਲਈਏ, ਉਸ ਤੋਂ ਅਗਲੇ ਸਾਲ ਤੋਂ ਅਸੀਂ ਵਿਸਾਖੀ ਦੇ ਦਿਹਾੜੇ ਨੂੰ 'ਵਰਲਡ ਸਿੱਖ ਡੇਅ' ਨਿਰਧਾਰਿਤ ਕਰਾਉਣ ਲਈ ਜੰਗੀ ਪੱਧਰ ਤੇ ਕਾਰਵਾਈਆਂ ਕਰਾਂਗੇ। ਜਿਸ ਲਈ ਸਾਨੂੰ ਇਹ ਸਫਲਤਾ ਮਿਲ ਗਈ ਹੈ ਕਿ 5 ਅਪ੍ਰੈਲ ਨੂੰ ਕੈਪੀਟਲ ਹਿੱਲ ਵਿਚ ਸਾਰੇ ਅਮਰੀਕਾ ਦੇ ਕਾਂਗਰਸਮੈਨ ਬੈਠਦੇ ਹਨ। ਅੱਜ ਪਾਈਨਹਿੱਲ ਵਿਚ ਹੋਈ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਕੋਆਰਡੀਨੇਟਰ ਸ. ਹਿੰਮਤ ਸਿੰਘ, ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਸਿੱਖ ਕੋਆਰਡੀਨੇਸ਼ਨ ਕਮੇਟੀ ਵੱਲੋਂ ਵਿਸਾਖੀ ਨੂੰ ਪੂਰੇ ਵਿਸ਼ਵ ਦਾ ਦਿਵਸ ਬਣਾਉਣ ਲਈ ਕਾਰਵਾਈ ਵੀ ਆਰੰਭ ਦਿੱਤੀ ਹੈ। ਜਿਸ ਲਈ ਸਾਨੂੰ ਸਾਰੇ ਵਿਸ਼ਵ ਦੇ ਸਿੱਖਾਂ ਨੂੰ ਇਕੱਤਰ ਕਰਨਾ ਹੋਵੇਗਾ, ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਡੇ ਅਮਰੀਕਾ ਵਿਚ ਨੈਸ਼ਨਲ ਸਿੱਖ ਦਿਵਸ ਨਿਰਧਾਰਿਤ ਕਰਾਉਣ ਦਾ ਸਮਰਥਨ ਕੀਤਾ ਹੈ ਤਾਂ ਸਾਨੂੰ ਹੁਣ ਪੂਰਾ ਭਰੋਸਾ ਹੈ ਕਿ ਅਸੀਂ ਸਾਡੇ ਪਵਿੱਤਰ ਦਿਹਾੜੇ ਵਿਸਾਖੀ ਨੂੰ ਵਿਸ਼ਵ ਸਿੱਖ ਦਿਵਸ ਦੇ ਤੌਰ ਤੇ ਨਿਰਧਾਰਿਤ ਕਰਾਉਣ ਵਿਚ ਕਾਮਯਾਬ ਹੋ ਜਾਵਾਂਗੇ।

## ਸਿੱਖ ਸ਼ਹਾਦਤਾਂ 'ਤੇ ਬਣੀ 'ਸ਼ਹੀਦ' ਫਿਲਮ ਨੂੰ ਮਿਲ ਰਿਹਾ ਹੈ ਭਰਪੂਰ ਹੁੰਗਾਰਾ- ਸਮੁੰਦਰੀ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)–** ਪੱਚੀ ਮਾਰਚ ਤੋਂ ਉਤਰੀ ਅਮਰੀਕਾ ਦੇ ਵੱਖ-ਵੱਖ ਗੁਰਦੁਆਰਿਆਂ ਵਿਚ ਦਿਖਾਈ ਜਾ ਰਹੀ ਸਿੱਖ ਸ਼ਹੀਦਾਂ ਬਾਰੇ ਬਣੀ ਫਿਲਮ 'ਸ਼ਹੀਦ' ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਫਿਲਮ ਦੇ ਲੇਖਕ ਅਤੇ ਨਿਰਦੇਸ਼ਕ ਨੌਜਵਾਨ ਜਗਮੀਤ ਸਿੰਘ ਸਮੁੰਦਰੀ ਨੇ ਵੱਡੇ ਉਤਸ਼ਾਹ ਨਾਲ ਇਸ ਪੱਤਰਕਾਰ ਨੂੰ ਵੇਰਵੇ ਦਿੰਦਿਆਂ ਦੱਸਿਆ ਕਿ ਵਿਦੇਸ਼ਾਂ ਵਿਚ ਆ ਵੱਸੇ ਸਿੱਖਾਂ ਦੇ ਦਿਲਾਂ ਵਿਚ ਆਪਣੇ ਅਣਖੀਲੇ ਤੇ ਬਲੀਦਾਨੀ ਵਿਰਸੇ ਪ੍ਰਤੀ ਬੇਹੱਦ ਮੋਹ ਤੇ ਖਿੱਚ ਹੈ। ਇਸੇ ਕਾਰਨ ਸਿੱਖ ਧਰਮ ਦੇ ਸ਼ਹੀਦੀ ਸੰਕਲਪ 'ਤੇ ਆਧਾਰਿਤ ਬਣੀ ਇਹ ਫਿਲਮ ਸਿੱਖ ਦਰਸ਼ਕਾਂ ਨੂੰ ਖਿੱਚ ਰਹੀ ਹੈ। ਉਹਨਾਂ ਦੱਸਿਆ ਕਿ ਆਧੁਨਿਕ ਤਕਨੀਕ ਨਾਲ ਸਿਰਫ



ਅੱਸੀ ਮਿੰਟ ਵਿਚ ਮਹਾਨ ਸ਼ਹੀਦੀਆਂ ਦੇ ਦ੍ਰਿਸ਼ਾਂ ਨੂੰ ਪਰਦਾ-ਪੇਸ਼ ਕਰਨਾ ਸਾਡੀ ਟੀਮ ਦਾ ਮਾਣ ਮੱਤਾ ਹਾਸਲ ਹੈ।

ਸ੍ਰੀ ਸਮੁੰਦਰੀ ਨੇ ਇਹ ਵੀ ਦੱਸਿਆ ਕਿ ਹੁਣ ਤੱਕ ਇਹ ਫਿਲਮ ਕੈਲੇਫੋਰਨੀਆ ਦੇ ਟਰਲਕ, ਲੋਡਾਈ, ਐਲਸਬਰਾਂਟੇ, ਰੋਜ਼ਵਿਲ ਅਤੇ ਸੈਕਰਾਮੈਂਟੋ ਦੇ ਗੁਰਦੁਆਰਿਆਂ ਵਿਚ ਦਿਖਾਈ ਜਾ ਚੁੱਕੀ ਹੈ। ਜਿੱਥੇ ਇਸ ਦੇ ਦਰਸ਼ਕਾਂ ਵਿਚ ਬਜ਼ੁਰਗ ਸਿੱਖ, ਬੀਬੀਆਂ ਅਤੇ ਨੌਜਵਾਨ ਬੱਚੇ ਭਾਰੀ ਗਿਣਤੀ ਵਿਚ ਸ਼ਾਮਲ ਹੋਏ। ਖਾਸ ਕਰਕੇ ਵਿਦੇਸ਼ ਦੇ ਜੰਮਪਲ ਬੱਚੇ ਬਹੁਤ ਪ੍ਰਭਾਵਿਤ ਹੋ ਰਹੇ ਹਨ। ਉਹ ਕਹਿੰਦੇ ਸੁਣੇ ਗਏ ਕਿ ਸਿਨੇਮਾ-ਤਕਨੀਕ ਰਾਹੀਂ ਦੱਸਿਆ ਜਾ ਰਿਹਾ ਆਪਣਾ ਇਤਿਹਾਸ ਦੇਖ ਕੇ ਉਨ੍ਹਾਂ ਨੂੰ ਆਪਣੀ ਵਿਰਾਸਤ ਉਤੇ ਮਾਣ ਮਹਿਸੂਸ ਹੋਇਆ ਹੈ। ਨਿਊਯਾਰਕ ਫਿਲਮ ਫੈਸਟੀਵਲ ਵਿਚ ਐਵਾਰਡ ਜੇਤੂ ਫਿਲਮ 'ਦਾ ਰਾਈਜ਼ ਆਫ ਖਾਲਸਾ' ਦੇ ਨਿਰਦੇਸ਼ਕ ਸ੍ਰੀ ਸਮੁੰਦਰੀ ਨੇ ਅਗਲੇਰੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 'ਸ਼ਹੀਦ' ਫਿਲਮ 9 ਅਪ੍ਰੈਲ ਦੁਪਹਿਰ ਡੇਢ ਵਜੇ ਫਰੀਮਾਂਟ ਗੁਰਦੁਆਰਾ ਸਾਹਿਬ ਵਿਖੇ ਦਿਖਾਈ ਜਾਵੇਗੀ ਅਤੇ ਫਿਰ ਓਰਲੈਂਡੋ, ਨਿਊਯਾਰਕ, ਫੇਅਰਫੈਕਸ ਅਤੇ ਕਨੇਡੀਅਨ ਸ਼ਹਿਰਾਂ ਟਰਾਂਟੋ, ਸਰੀ ਅਤੇ ਐਡਮਿੰਟਨ ਵਿਖੇ ਫਿਲਮ ਦੇ ਸ਼ੋਅ ਹੋਣਗੇ। ਅਮਰੀਕਨ ਸਿੱਖ ਸੰਗਤਾਂ ਦਾ ਉਚੇਚਾ ਧੰਨਵਾਦ ਕਰਦਿਆਂ ਸ੍ਰੀ ਸਮੁੰਦਰੀ ਨੇ ਕਿਹਾ ਕਿ ਮੈਨੂੰ ਸਿੱਖ ਜਗਤ ਨਾਲ ਸਬੰਧਤ ਕੁਝ ਹੋਰ ਪ੍ਰਾਜੈਕਟਾਂ 'ਤੇ ਕੰਮ ਕਰਨ ਦਾ ਹੌਸਲਾ ਮਿਲਿਆ ਹੈ। ਉਹਨਾਂ ਨਾਲ 925-329-2640 ਫੋਨ ਨੰਬਰ ਅਤੇ ਵਟਸ-ਐਪ 99679-73004 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦਵਾਰਾ ਸਿੰਘ ਸਭਾ ਵੱਲੋਂ ਅੰਮ੍ਰਿਤ ਸੰਚਾਰ 9 ਅਪ੍ਰੈਲ ਨੂੰ



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ)–** ਸਿੱਖੀ ਨੂੰ ਪ੍ਰਦੇਸਾਂ ਵਿੱਚ ਪ੍ਰਫੁੱਲਿਤ ਕਰਨ ਲਈ ਗੁਰਦਵਾਰਾ ਸਿੰਘ ਸਭਾ ਫਰਿਜਨੋ ਵੱਲੋਂ ਸਮੇਂ ਸਮੇਂ ਸਿਰ ਉਪਰਾਲੇ ਕੀਤੇ ਜਾਂਦੇ ਹਨ। ਇਸੇ ਕੜੀ ਤਹਿਤ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਮਰਯਾਦਾ ਅਨੁਸਾਰ ਗੁਰਦਵਾਰਾ ਸਿੰਘ ਸਭਾ ਫਰਿ-ਜਨੋ ਵੱਲੋਂ ਅੰਮ੍ਰਿਤ ਸੰਚਾਰ 9 ਅਪ੍ਰੈਲ ਦਿਨ ਐਤਵਾਰ 2017 ਨੂੰ ਸ਼ਾਮੀ 2 ਵਜੇ ਕੀਤਾ ਜਾਵੇਗਾ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ ਗੁਰੂ-ਘਰ ਦੇ ਸੇਵਾਦਾਰ ਨਾਲ ਇਹਨਾਂ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ - 559-499-3526 ' 559-394-8372, 559-312-3999, 559-347-1230,

ਗੁਰੂ-ਘਰ ਦਾ ਪਤਾ 4827 N Parkway Dr, Fresno, CA 93722.

## ਇਸ ਸਾਲ ਫਰਿਜ਼ਨੋਂ ਪੀਸੀਏ ਮੇਲਾ 7 ਮਈ ਨੂੰ ਹੋਵੇਗਾ

### ਲਖਵਿੰਦਰ ਵਡਾਲੀ, ਸਿੱਪੀ ਗਿੱਲ, ਆਤਮਾ ਬੁਢੇਵਾਲ ਤੇ ਅਮਨ ਰੋਜ਼ੀ ਕੀਲਣਗੇ ਸਰੋਤੇ

**ਫਰਿਜ਼ਨੋ ( ਕੈਲੇਫੋਰਨੀਆਂ ) ਨੀਟਾ ਮਾਛੀਕੇ / ਕੁਲਵੰਤ ਧਾਲੀਆ–** ਪੰਜਾਬੀ ਕਲਚਰਲ ਐਸੋਸੀਏਸ਼ਨ ਜਿਸ ਨੂੰ ਪੀ ਸੀ ਏ ਦੇ ਤੌਰ ਤੇ ਵਧੇਰੇ ਲੋਕ ਜਾਣਦੇ ਹਨ ਅਤੇ ਇਸ ਸੰਸਥਾ ਦਾ ਨਾਮ ਹੀ ਇਸਦੀਆਂ ਪ੍ਰਾਪਤੀਆਂ ਦੱਸਣ ਲਈ ਕਾਫੀ ਹੈ। ਪਿਛਲੇ ਤਕਰੀਬਨ ਦਸ ਸਾਲ ਤੋਂ ਲਗਤਾਰ ਪੀ ਸੀ ਏ ਫਰਿਜ਼ਨੋ ਸਹਿਰ ਦੇ ਪੰਜਾਬੀ ਭਾਈਚਾਰੇ ਨੂੰ ਸਾਡੇ ਸੱਭਿਆਚਾਰ ਬੋਲੀ ਅਤੇ ਧਰਮ ਨਾਲ ਜੋੜਨ ਲਈ ਸਲਾਘਾਯੋਗ ਉਪਰਾਲੇ ਕਰਦੀ ਆ ਰਹੀ ਹੈ ਇਸੇ ਸਧੰਰਭ ਅਧੀਨ ਸੰਸਥਾ ਦੇ ਅਣਥੱਕ ਮੈਬਰ ਸਮੇਂ ਸਮੇਂ ਸਿਰ ਉਸਾਰੂ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਹਨ। ਇਸ ਤੋਂ ਪਹਿਲਾਂ 9 ਸਫਲ ਸੱਭਿਚਾਰਕ ਮੇਲੇ ਅਤੇ ਕਈ ਧਾਰਮਿਕ ਸਮਾਗਮ ਪੀ ਸੀ ਏ ਫਰਿਜ਼ਨੋ ਵਿੱਚ ਕਰਵਾ ਚੁੱਕੀ ਹੈ। ਹਰੇਕ ਸਾਲ ਇਹ ਮੇਲਾ ਮਈ ਮਹੀਨੇ 'ਚ ਕਰਵਾਇਆ ਜਾਂਦਾ ਹੈ , ਇਸ ਸਾਲ ਇਹ ਮੇਲਾ 7 ਮਈ ਦਿਨ ਐਤਵਾਰ ਦੁਪਹਿਰ 1 ਵਜੇ ਫਰਿਜਨੋਂ ਦੇ ਮਸ਼ਹੂਰ ਵੁਡਵਰਡ ਪਾਰਕ ਵਿੱਚ ਕਰਵਾਉਣ ਬਾਰੇ ਸਮੂਹ ਮੈਬਰ ਸਹਿਬਾਨ ਨੇ ਫੈਸਲਾ ਲਿਆ ਹੈ। ਇਸ ਮੇਲੇ ਵਿੱਚ ਜਿੱਥੇ ਲਖਵਿੰਦਰ ਵਡਾਲੀ ਆਪਣੀ ਅਵਾਜ਼ ਦਾ ਜਾਦੂ ਬਿਖੇਰਨਗੇ ਉੱਥੇ ਅੱਜ ਦੇ ਦੋਗਾਣਿਆ ਦੀ ਹਿੱਟ ਜੋੜੀ ਆਤਮਾਂ ਬੁਢੇਵਾਲ ਤੇ ਅਮਨ ਰੋਜ਼ੀ ਵੀ ਸਟੇਜ ਤੇ ਧਮਾਲਾਂ ਪਾਉਣਗੇ ਇਸ ਤੋਂ ਬਿਨਾਂ ਸਿੱਪੀ ਗਿੱਲ, ਜੌਰਡਨ ਸੰਧੂ ਤੇ ਜੀਨੀ ਜੌਹਲ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ। ਇਸ ਮੇਲੇ ਦੀ ਸਟੇਜ ਤੋ ਪੰਜਾਬੀ ਲੋਕ ਨਾਂਚ ਗਿਧੇ ਅਤੇ ਭੰਗੜੇ ਦੇ ਜੌਹਰ ਵੀ ਵੇਖਣ ਨੂੰ ਮਿਲਣਗੇ ਜਿਹੜੀਆ ਟੀਮਾਂ ਭਾਗ ਲੈਣਾ ਚਾਹੁੰਦੀਆਂ ਹਨ ਜਾਂ ਸਟਾਲ ਲਾਉਣ ਲਈ ਰੂਬੀ ਸਰਾਂ ਜਾ ਸੁਖਬੀਰ ਭੰਡਾਲ ਨੂੰ 559-241-9553 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੇਲੇ ਦੀ ਕੋਈ ਟਿਕਟ ਨਹੀ ਰੱਖੀ ਗਈ ਆਮ ਲੋਕਾਂ ਲਈ ਦਾਖਲਾ ਬਿਲਕੁਲ ਮੁਫ਼ਤ ਹੋਵੇਗਾ। ਮੇਲੇ ਸਬੰਧੀ ਜਾਣਕਾਰੀ ਲਈ ਜਗਰੂਪ ਭੰਡਾਲ (559) 917-9608 ਜਾਂ ਅੰਮ੍ਰਿਤ ਧਾਲੀਵਾਲ ਨਾਲ (209) 598-6980 ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਗੁਰੂ ਨਾਨਕ ਸਪੋਰਟਸ਼ ਕਲੱਬ ਸਨਵਾਕੀਨ-ਕਰਮਨ ਵੱਲੋਂ ਫੈਮਲੀ ਪਿਕਨਿਕ 6 ਮਈ ਅਤੇ ਉਪਨ ਕਬੱਡੀ ਟੂਰਨਾਮੈਂਟ 7 ਮਈ ਨੂੰ ਹੋਵੇਗੀ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ): ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਸਥਾਨਿਕ ਗੁਰੂ ਨਾਨਕ ਸਪੋਰਟਸ਼ ਕਲੱਬ ਸਨਵਾਕੀਨ- ਕਰਮਨ ਵੱਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਖੇਡਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਅਤੇ ਬੱਚਿਆਂ ਨੂੰ ਪੰਜਾਬੀਅਤ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਦੋ ਦਿਨਾਂ ਖੇਡ ਮੇਲਾ "ਸਨਵਾਕੀਨ ਸਕੂਲ" ਦੀਆਂ ਖੁਲੀਆਂ ਗਰਾਉਡਾਂ ਦੇ ਵਿੱਚ ਕਰਵਾਇਆ ਜਾ ਰਿਹਾ ਹੈ। ਇਹ ਗਰਾਊਡਾਂ ਗੁਰੂਘਰ ਦੇ ਬਿਲਕੁਲ ਨਜ਼ਦੀਕ ਹਨ। ਜਿਸ ਵਿੱਚ ਪਹਿਲੇ ਦਿਨ ਸ਼ਨੀਵਾਰ 6 ਮਈ ਦਿਨ ਸ਼ਨੀਵਾਰ ਨੂੰ ਬਾਕੀ ਖੇਡਾਂ ਦੇ ਨਾਲ-ਨਾਲ ਇਕ ਸਪੈਸ਼ਲ ਫੈਮਲੀ ਪਿਕਨਿਕ ਦਾ ਆਗਾਜ਼ ਵੀ ਕੀਤਾ ਜਾ ਰਿਹਾ ਹੈ। ਇਸ ਸਮੇਂ ਇੱਥੋ ਦੇ ਵਸਨੀਕ ਰਹਿ ਚੁੱਕੇ ਪਰਿਵਾਰਾਂ ਦੀ ਇਕੱਤਰਤਾਂ ਵੀ ਹੋਵੇਗੀ। ਜਿਸ ਵਿੱਚ ਗਿੱਧੇ-ਭੰਗੜੇ ਤੋਂ ਇਲਾਵਾ ਗਾਇਕੀ ਅਤੇ ਪੁਰਾਤਨ ਖੇਡਾਂ ਅਤੇ ਰਸ਼ਮਾਂ ਦੀ ਵੀ ਗੱਲ ਕੀਤੀ ਜਾਵੇਗੀ। ਜਿੰਨ੍ਹਾਂ ਵਿੱਚ ਔਰਤਾਂ ਅਤੇ ਬੱਚਿਆ ਲਈ ਨਾਨਕਾ ਮੇਲ ਅਤੇ ਦਾਦਕਾ ਮੇਲ ਵੱਲੋਂ ਬੋਲੀਆਂ ਦਾ ਮੁਕਾਬਲਾ, ਤਿੰਨ ਟੰਗੀ ਦੌੜ (ਸਪੈਸ਼ਲ ਮਾਂ-ਧੀ), ਚਾਟੀ ਰੇਸ਼, ਮਿਊਜ਼ੀਕਲ ਚੇਅਰ, ਦੌੜਾਂ ਅਤੇ ਰੱਸਾਕਸ਼ੀ ਆਦਿਕ ਮੁੱਖ ਅਕਰਸ਼ਣ ਹੋਣਗੇ। ਇਸ ਸਮੇਂ ਸਕੂਲਾਂ



ਵੱਚੋ 4.0 ਅਤੇ ਇਸ ਤੋਂ ਵੱਧ ਗਰੇਡ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਦੂਜੇ ਦਿਨ 7 ਮਈ, ਐਤਵਾਰ ਨੂੰ ਵੱਖ-ਵੱਖ ਉਮਰ ਦੇ ਬੱਚਿਆ ਵੱਲੋਂ ਕਬੱਡੀ ਦੇ ਮੁਕਾਬਲੇ ਅਤੇ ਵਸ਼ੇਸ਼ ਤੌਰ ਤੇ ਉਪਨ ਕਬੱਡੀ ਦੇ ਮੈਚ ਦੇਖਣਯੋਗ ਹੋਣਗੇ। ਜਿਸ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੇ ਨਾਮਵਰ ਖਿਡਾਰੀ ਸਿਰਕਤ ਕਰਨਗੇ। ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਇਸ ਟੂਰਨਾਮੈਂਟ ਦੌਰਾਨ ਨਸ਼ਾ ਆਦਿਕ ਵਰਤਣ ਦੀ ਸਖਤ ਮਨ੍ਹਾਹੀ ਹੋਵੇਗੀ। ਬੱਚਿਆ ਅਤੇ ਔਰਤਾਂ ਦੇ ਬੈਠਣ ਲਈ ਉਚੇਚਾ ਪ੍ਰਬੰਧ ਕੀਤਾ ਜਾਵੇਗਾ। ਹਰ ਸਾਲ ਦੀ ਤਰ੍ਹਾਂ ਦਰਸ਼ਕਾ ਦੀ ਭਾਰੀ ਇਕੱਤਰਤਾ ਨੂੰ ਦੇਖਦੇ ਹੋਏ ਸ਼ਕਿਉਰਟੀ ਦੇ ਲਈ ਸਖਤ ਪ੍ਰਬੰਧ ਕੀਤੇ ਜਾਣਗੇ। ਇਸ ਸਮੇਂ ਦੋਨੋ ਦਿਨ ਗੁਰੂ ਕਾ ਲੰਗਰ ਅਤੇ ਕਾਰ ਪਾਰਕਿੰਗ ਫਰੀ ਹੋਵੇਗੀ। ਇਸ ਮੀਟਿੰਗ ਵਿੱਚ ਗੁਰੂ ਨਾਨਕ ਸਪੋਰਟਸ ਕਲੱਬ ਦੇ ਮੁੱਖ ਮੈਂਬਰਾਂ ਨੇ ਸਿਰਕਤ ਕੀਤੀ। ਸਮੂੰਹ ਇਲਾਕਾ ਨਿਵਾਸੀਆਂ ਨੂੰ ਸਮੇਂ ਸਿਰ ਪਹੁੰਚ ਕੇ ਟੂਰਨਾਮੈਂਟ ਦਾ ਅਨੰਦ ਮਾਨਣ ਲਈ ਪ੍ਰਬੰਧਕਾ ਵੱਲੋਂ ਅਪੀਲ ਕੀਤੀ ਗਈ। ਵਧੇਰੇ ਜਾਣਕਾਰੀ ਲਈ ਗੁਰਬਿੰਦਰ ਸਿੰਘ ਧਾਲੀਵਾਲ (559) 281-4697 ਜਾਂ ਗੈਰੀ ਢੇਸੀ (559) 567-8033 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਾਰਥ ਕੈਲੀਫੋਰਨੀਆ ਦੇ ਗੁਰੂ ਘਰਾਂ ਦੀ ਸੈਂਟਰਲ ਬਾਡੀ ਬਣਾਉਣ ਦਾ ਫੈਸਲਾ

**ਸੈਕਰਾਮੈਂਟੋ/ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਨਾਰਥ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਗੁਰੂ ਘਰਾਂ ਦੀ ਸੈਂਟਰਲ ਬਾਡੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਬਾਰੇ ਸਹਿਮਤੀ ਗੁਰੂ ਘਰਾਂ ਦੇ ਨੁਮਾਇੰਦਿਆਂ ਦੀ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਹੋਈ।

ਇਸ ਮੀਟਿੰਗ ਵਿਚ ਮਤੇ ਪਾਸ ਕੀਤੇ ਗਏ ਮਤਿਆਂ ਅਨੁਸਾਰ ਜਿਸ ਵਕਤ ਕੋਈ ਗ੍ਰੰਥੀ ਸਿੰਘ ਗੁਰਦੁਆਰਾ ਸਾਹਿਬ ਦੀ ਸੇਵਾ ਛੱਡ ਕੇ ਜਾਵੇ ਤਾਂ ਕੁਝ ਹਫਤਿਆਂ ਤੱਕ ਉਸ ਦੀ ਜਾਣਕਾਰੀ ਸੰਗਤਾਂ ਵਿਚ ਫੋਟੋ ਦਿਖਾ ਕੇ ਅਨਾਊਂਸਮੈਂਟ ਰਾਹੀਂ ਸੰਗਤ ਨੂੰ ਦਿੱਤੀ ਜਾਵੇ। ਦੂਜੇ ਮਤੇ ਅਨੁਸਾਰ ਸਾਰੇ ਗੁਰੂ ਘਰਾਂ ਵੱਲੋਂ ਇਸ ਗੱਲ 'ਤੇ ਸਹਿਮਤੀ ਬਣੀ ਕਿ ਸਾਰੇ ਨਾਰਥ ਕੈਲੀਫੋਰਨੀਆ ਦੇ ਗੁਰੂ ਘਰਾਂ ਵੱਲੋਂ ਸੈਂਟਰਲ ਬਾਡੀ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਇਹ ਫੈਸਲਾ ਵੀ ਹੋਇਆ ਕਿ ਜਿਹੜੇ ਪਰਿਵਾਰ ਗੁਰੂ ਘਰਾਂ ਤੋਂ ਪ੍ਰੋਗਰਾਮ ਕਰਵਾਉਣ ਦੀ ਬਜਾਏ ਬਾਹਰੋਂ ਸੇਵਾ ਮੁਕਤ ਬੰਦਿਆਂ ਤੋਂ ਪ੍ਰੋਗਰਾਮ ਕਰਵਾਉਂਦੇ ਹਨ, ਉਨ੍ਹਾਂ ਪਰਿਵਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਗੱਲ ਸੁਣਨ ਤੋਂ ਇਲਾਵਾ ਉਨ੍ਹਾਂ ਨੂੰ ਐਜੂਕੇਟ ਕੀਤਾ ਜਾਵੇ ਤਾਂ ਕਿ ਉਹ ਗੁਰੂ ਘਰਾਂ ਤੋਂ ਹੀ ਪ੍ਰੋਗਰਾਮ ਕਰਵਾਉਣ। ਮੀਟਿੰਗ ਤੋਂ ਬਾਅਦ ਜਾਰੀ ਕੀਤੇ ਲਿਖਤੀ ਪ੍ਰੈਸ ਬਿਆਨ ਰਾਹੀਂ ਦਸਿਆ ਗਿਆ ਕਿ ਇਹ ਸਾਰੇ ਫੈਸਲੇ ਲੈਣ ਦਾ ਮੁੱਖ ਕਾਰਨ ਗੁਰੂ ਗ੍ਰੰਥ ਸਾਹਿਬ ਦਾ ਵੱਧ ਤੋਂ ਵੱਧ ਸਤਿਕਾਰ ਕਾਇਮ ਰੱਖਣਾ ਹੈ ਕਿਉਂਕਿ ਇਹ ਵੀ ਨੋਟਿਸ ਵਿਚ ਆਇਆ



ਹੈ ਕਿ ਕਈ ਬੰਦੇ ਪ੍ਰਾਈਵੇਟ ਤੌਰ 'ਤੇ ਘਰਾਂ ਵਿਚ ਪ੍ਰੋਗਰਾਮ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦਾ ਬਿਲਕੁਲ ਧਿਆਨ ਨਹੀਂ ਰੱਖਦੇ। ਕਈ ਤਾਂ ਝੂਠੀਆਂ ਰਸੀਦ ਬੁੱਕਾਂ ਵੀ ਛਪਵਾ ਕੇ ਸੰਗਤਾਂ ਕੋਲੋਂ ਝੂਠ ਬੋਲ ਕੇ ਪੈਸਾ ਇਕੱਠਾ ਕਰਦੇ ਹਨ ਅਤੇ ਉਸ ਪੈਸੇ ਨੂੰ ਆਪਣੇ ਨਿੱਜੀ ਕੰਮਾਂ ਲਈ ਵਰਤਦੇ ਹਨ। ਦੂਸਰਾ ਜੇ ਸੰਗਤ ਵੱਲੋਂ ਕੋਈ ਵੀ ਪ੍ਰੋਗਰਾਮ ਗੁਰੂ ਘਰ ਤੋਂ ਕਰਵਾਇਆ ਜਾਂਦਾ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਗੁਰੂ ਘਰ ਦੀ ਹੁੰਦੀ ਹੈ, ਪਰ ਜੇ ਕੋਈ ਬਾਹਰੋਂ ਪ੍ਰਾਈਵੇਟ ਬੰਦਿਆਂ ਤੋਂ ਘਰਾਂ ਵਿਚ ਪ੍ਰੋਗਰਾਮ ਕਰਵਾਉਂਦੇ ਹਨ ਤਾਂ ਉਸ ਸਮੇਂ ਦਰਮਿਆਨ ਅਗਰ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿਚ ਅਤੇ ਗੁਰ ਮਰਿਆਦਾ ਸਬੰਧੀ ਕੋਈ ਉਣਤਾਈ ਹੁੰਦੀ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਉਸ ਪਰਿਵਾਰ ਦੀ ਜੋ ਪ੍ਰੋਗਰਾਮ ਕਰਵਾ ਰਹੇ ਹਨ ਅਤੇ ਉਨ੍ਹਾਂ ਪ੍ਰਾਈਵੇਟ ਬੰਦਿਆਂ ਦੀ ਹੋਵੇਗੀ। ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਇਹ ਹੁਕਮ ਹੈ ਕਿ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਹਰ ਹਾਲਾਂ ਵਿਚ ਜਾਂ ਅਜਿਹੀਆਂ ਥਾਵਾਂ ਉਤੇ ਲਿਜਾ ਕੇ ਪ੍ਰਕਾਸ਼ ਨਾ ਕੀਤੇ ਜਾਣ ਅਤੇ ਉਥੇ ਕੋਈ ਵੀ ਧਾਰਮਿਕ ਪ੍ਰੋਗਰਾਮ ਨਾ ਕੀਤਾ ਜਾਵੇ।

ਮੀਟਿੰਗ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸ. ਬਲਬੀਰ ਸਿੰਘ ਢਿਲੋਂ (ਸਿੱਖ ਟੈਂਪਲ ਵੈਸਟ ਸੈਕਰਾਮੈਂਟੋ), ਸ. ਬਲਰਾਜ ਸਿੰਘ ਰੰਧਾਵਾ (ਸਿੱਖ ਟੈਂਪਲ ਰੋਜ਼ਵਿਲੇ), ਸ. ਪਰਮਜੀਤ ਸਿੰਘ (ਸਿੱਖ ਟੈਂਪਲ ਦਸਮੇਸ਼ ਦਰਬਾਰ ਸੈਕਰਾਮੈਂਟੋ), ਸ. ਗੁਰਿੰਦਰ ਸਿੰਘ (ਸਿੱਖ ਟੈਂਪਲ ਸਟਾਕਟਨ), ਸ. ਗੁਰਨਾਮ ਸਿੰਘ (ਸਿੱਖ ਟੈਂਪਲ ਐਲ ਸੋਬਰਾਂਤੇ), ਸ. ਲਖਵੀਰ ਸਿੰਘ ਔਜਲਾ (ਸਿੱਖ ਟੈਂਪਲ ਬਰਾਡਸ਼ਅ), ਡਾ. ਗੁਰਤੇਜ ਸਿੰਘ (ਸਿੱਖ ਸੈਂਟਰ ਸੈਕਰਾਮੈਂਟੋ), ਸ. ਦੀਪ ਸਿੰਘ (ਸਿੱਖ ਟੈਂਪਲ ਟਰੇਸੀ), ਸ. ਸਰਬਜੋਤ ਸਿੰਘ ਸਵੱਦੀ (ਸਿੱਖ ਟੈਂਪਲ ਸੈਨ ਹੋਜ਼ੇ) ਅਤੇ ਸ. ਸਰਬਜੀਤ ਸਿੰਘ ਥਿਆੜਾ (ਸਿੱਖ ਟੈਂਪਲ ਯੂਬਾ ਸਿਟੀ) ਸ਼ਾਮਲ ਹੋਏ।

## ਏਜੀਪੀਸੀ ਨੇ ਬਾਬਾ ਢੱਡਰੀਆ ਵਾਲੇ ਵੱਲੋਂ ਗੁਰੂ ਸਾਹਿਬ ਬਾਰ ਕੀਤੇ ਵਿਚਾਰਾਂ 'ਤੇ ਉਪਜੇ ਵਿਵਾਦ ਨੂੰ ਮਿਲ-ਬੈਠ ਕੇ ਸੁਲਝਾਉਣ ਦੀ ਕੀਤੀ ਅਪੀਲ

**ਸੈਨ ਹੋਜ਼ੇ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਬਾ ਬਕਾਲਾ ਸਾਹਿਬ ਵਿਖੇ ਸਥਿਤ ਇਤਿਹਾਸਕ ਅਸਥਾਨ 'ਤੇ ਕੀਤੇ ਤਪ ਸਬੰਧੀ ਕੀਤੀ ਵਿਚਾਰਾਂ 'ਤੇ ਕੁਝ ਸੰਸਥਾਵਾਂ ਵੱਲੋਂ ਕੀਤੇ ਵਿਰੋਧ 'ਤੇ ਸਮੂਹ ਸਿੱਖ ਜਥੇਬੰਦੀਆਂ ਨੂੰ ਇਸ ਮਸਲੇ ਨੂੰ ਆਪਸ 'ਚ ਮਿਲ-ਬੈਠ ਕੇ ਨਿਪਟਾਉਣ ਸਬੰਧੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ: ਅਮਰੀਕ ਸਿੰਘ ਅਜਨਾਲਾ ਜਿਨ੍ਹਾਂ ਨੇ ਇਸ ਮੁੱਦੇ ਨੂੰ ਉਠਾਇਆ ਹੈ, ਨੂੰ ਬੇਨਤੀ ਕੀਤੀ ਕਿ ਉਹ ਵਿਵਾਦ ਨੂੰ ਹੋਰ ਗਹਿਰਾ ਕਰਨ ਦੇਣ ਦੀ ਬਜਾਏ ਇਸ ਦੇ ਯੋਗ ਹੱਲ ਲਈ ਸਹਿਯੋਗ ਕਰਨ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਇਸ ਨੂੰ ਕੋਈ ਸ਼ਰਾਰਤੀ ਅਨਸਰ ਇਸ ਨੂੰ ਰਾਜਨੀਤਿਕ ਮੁੱਦੇ ਵਜੋਂ ਉਭਾਰ ਕੇ ਸਿੱਖ ਕੌਮ 'ਚ ਆਪਸੀ ਫੁੱਟ ਪਾਉਣ ਦੀ ਕੋਸ਼ਿਸ਼ ਕਰੇ। ਇਸ ਨੂੰ ਸਮੇਂ ਰਹਿੰਦਿਆ ਹੀ ਸਮੂਹ ਸਿੱਖ ਜਥੇਬੰਦੀਆਂ ਸ਼ਾਂਤੀਪੂਰਵਕ ਢੰਗ ਨਾਲ ਸੁਲਝਾਅ ਲੈਣ।

ਇਸ ਮੌਕੇ ਏਜੀਪੀਸੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਸ: ਪ੍ਰਿਤਪਾਲ ਸਿੰਘ ਨੇ ਆਪਣੇ ਜਾਰੀ ਬਿਆਨ 'ਚ ਕਿਹਾ ਕਿ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਪ ਅਸਥਾਨ ਸ੍ਰੀ ਭੋਰਾ ਸਾਹਿਬ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ, ਬਾਬਾ ਬਕਾਲਾ ਸਾਹਿਬ ਬਾਬਤ ਇਕ ਵੀਡਿਓ 'ਚ ਕਿਹਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ੍ਰੀ ਭੋਰਾ ਸਾਹਿਬ 'ਚ ਬੈਠਕੇ ਤਪੱਸਿਆ ਨਹੀਂ ਕੀਤੀ। ਉਨ੍ਹਾਂ ਇਸ ਸਬੰਧੀ ਬਾਬਾ ਢੱਡਰੀਆਂ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਬੰਧੀ ਆਪਣਾ ਸਹੀ ਤੇ ਉਚਿੱਤ ਸਮਾਂ ਨਿਰਧਾਰਿਤ ਕਰਕੇ ਸਿੱਖ ਜਥੇਬੰਦੀਆਂ ਨਾਲ ਵਿਚਾਰ-ਚਰਚਾ ਕਰਨ ਤਾਂ ਜੋ ਸਿੱਖ ਕੌਮ 'ਚ ਕੋਈ ਨਵੀਂ ਦੁਬਿਧਾ ਪੈਦਾ ਨਾ ਹੋ ਸਕੇ।

ਉਨ੍ਹਾਂ ਇਸ ਮੌਕੇ ਕਿਹਾ ਕਿ ਅਮਰੀਕ ਸਿੰਘ ਅਜਨਾਲਾ ਵੱਲੋਂ ਇਸ ਮੁੱਦੇ 'ਤੇ ਦਿੱਤਾ ਗਿਆ ਧਰਨਾ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਤਾ, ਸਗੋਂ ਉਹ ਇਸ ਮਸਲੇ ਨੂੰ ਵਿਚਾਰਾਂ ਰਾਹੀਂ ਮਿਲ ਬੈਠ ਕੇ ਸਮਾਪਤ ਕਰਨ ਲਈ ਸਹਿਯੋਗ ਦੇਣ।

## ਕੁਲਵੰਤ ਸਿੰਘ "ਕੰਤਾ" ਦੇ ਅਕਾਲ ਚਲਾਣੇ ਤੇ ਫਰਿਜ਼ਨੋ ਦੇ ਰੰਧਾਵਾ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੈਲੇਫੋਰਨੀਆ)- (ਨੀਟਾ ਮਾਛੀਕੇ / ਕੁਲਵੰਤ ਧਾਲੀਆ)-** ਬੀਤੇ ਦਿਨੀ ਸ਼ਹਿਰ ਫਰਿਜ਼ਨੋ ਕੈਲੀਫੋਰਨੀਆਂ ਨਿਵਾਸੀ ਕਲਵੰਤ ਸਿੰਘ "ਕੰਤਾ" ਰੰਧਾਵਾ ਪੁੱਤਰ ਸ. ਅਮਰੀਕ ਸਿੰਘ ਰੰਧਾਵਾ ਇੱਕ ਸੜਕ ਹਾਦਸਾ ਹੋਣ ਕਰਕੇ ਅਕਾਲ ਚਲਾਣਾ ਕਰ ਗਏ। ਇੰਨਾਂ ਦਾ ਪਿਛਲਾ ਪਿੰਡ ਪੰਜਾਬ ਵਿੱਚ ਕੋਟ ਮੁਹੰਮਦ ਖਾਨ ਜ਼ਿਲ੍ਹਾ ਮੋਗਾ 'ਚ ਪੈਂਦਾ ਹੈ, ਇਹ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ। ਉਹ ਇਲਾਕੇ ਦੀ ਜਾਣੀ-ਪਹਿਚਾਣੀ ਸਖ਼ਸ਼ੀਅਤ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 38 ਸਾਲ ਸੀ। ਇੰਨ੍ਹਾਂ ਦਾ ਅੰਤਮ ਸਸਕਾਰ ਅਤੇ ਸਰਧਾਂਜਲੀਆਂ 8 ਅਪ੍ਰੈਲ 2017, ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ 11 ਵਜੇ ਤੋਂ 1 ਵਜੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਨਾਨਕਸਰ ਚੈਰੀ ਰੋਡ' ਫਰਿਜ਼ਨੋ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਗੁਰਚਰਨ ਸਿੰਘ ਗਿੱਲ ਜਾਂ ਯੋਧਾ ਗਿੱਲ ਨਾਲ 559 457 8080 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਸਟਾਕਟਨ ਫੀਲਡ ਹਾਕੀ ਟੂਰਨਾਮੈਂਟ ਵਿਚ ਸ਼ਹੀਦ ਬਾਬਾ ਦੀਪ ਸਿੰਘ ਸੈਕਰਾਮੈਂਟੋ ਦੀ ਟੀਮ ਨੇ ਟਰਾਫੀ ਜਿੱਤੀ

**ਸਟਾਕਟਨ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਤੇ ਗਦਰੀ ਬਾਬੇ ਸਪੋਰਟਸ ਕਲੱਬ ਸਟਾਕਟਨ ਦੇ ਸਹਿਯੋਗ ਨਾਲ ਕਰਵਾਏ ਗਏ ਹਾਕੀ ਟੂਰਨਾਮੈਂਟ ਵਿਚ ਵੱਖ-ਵੱਖ ਹਾਕੀ ਟੀਮਾਂ ਨੇ ਹਿੱਸਾ ਲਿਆ, ਜਿਹਨਾਂ ਵਿਚ ਨਾਮਵਰ ਅਮਰੀਕੀ ਟੀਮਾਂ ਨੇ ਵੀ ਸ਼ਿਰਕਤ ਕੀਤੀ ਸੀ ਪਰ ਸਾਰੀਆਂ ਟੀਮਾਂ ਨੂੰ ਹਰਾ ਕੇ ਜਿੱਤ ਦੀ ਟਰਾਫੀ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਖਿਡਾਰੀਆਂ ਨੇ ਹੈਰਾਨੀਜਨਕ ਪ੍ਰਦਰਸ਼ਨ ਕੀਤਾ ਤੇ ਇਸ ਕਲੱਬ ਵਿਚ ਕਈ ਖਿਡਾਰੀ ਵਿਸ਼ਵ ਪੱਧਰੀ ਵੀ ਖੇਡ ਰਹੇ ਹਨ। ਇਸ ਜੇਤੂ ਟਰਾਫੀ ਨੂੰ ਸ਼ਹੀਦ ਬਾਬਾ ਦੀਪ ਸਿੰਘ ਸੈਕਰਾਮੈਂਟੋ ਦੇ ਪ੍ਰਬੰਧਕਾਂ ਨੇ ਪ੍ਰਾਪਤ ਕੀਤਾ। ਇਸ ਦੇ ਨਾਲ ਜੇਤੂ ਟੀਮ ਨੂੰ 81 ਸੌ ਡਾਲਰ ਦਾ ਇਨਾਮ ਤੇ ਦੂਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 41 ਸੌ ਡਾਲਰ ਦਾ ਨਗਦ ਇਨਾਮ ਵੀ ਮਲਿਆ। ਇਸ ਟੂਰਨਾਮੈਂਟ ਵਿਚ ਕੈਨੇਡਾ, ਮੈਕਸੀਕੋ, ਅਮਰੀਕਾ ਤੇ ਇੰਡੀਆ ਦੇ ਹਾਕੀ ਖਿਡਾਰੀਆਂ ਨੇ ਵੀ ਸ਼ਮੂਲੀਅਤ ਕੀਤੀ।



## ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਹੈ ਭਾਰਤ ਸਰਕਾਰ ਦੀ ਮਹੱਤਵਪੂਰਨ ਵੈਬਸਾਈਟ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਲਈ ਭਾਰਤ ਸਰਕਾਰ ਵੱਲੋਂ ਇਕ ਅਹਿਮ ਵੈਬਸਾਈਟ ਕੰਮ ਕਰਦੀ ਹੈ ਜਿਸ ਦਾ ਨਾਂਅ ਹੈ 'ਮਦਦ'।

ਇਸ ਵੈਬਸਾਈਟ ਉਤੇ ਵਿਦਿਆਰਥੀ ਆਪਣੇ ਨਾਂਅ ਰਜਿਸਟਰ ਕਰ ਸਕਦੇ ਹਨ। ਕਿਸੇ ਪ੍ਰਕਾਰ ਦੀ ਸਹਾਇਤਾ ਜਾਂ ਦੁੱਖ ਵੇਲੇ ਇਹ ਵੈਬਸਾਈਟ ਉਤੇ 'ਸਟੂਡੈਂਟ ਲਾਗਇਨ' ਰਾਹੀਂ ਸਬੰਧਿਤ ਦੇਸ਼ ਦੇ ਹਾਈ ਕਮਿਸ਼ਨ ਦੇ ਨਾਲ ਰਾਬਤਾ ਕਾਇਮ ਕਰਕੇ ਸਹਾਇਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਵੈਬਸਾਈਟ ਉਤੇ ਹੁਣ ਤੱਕ 10965 ਵਿਦਿਆਰਥੀ, 77760 ਯੂਜਰਜ, 20318 ਔਕੜ 'ਚ ਫਸੇ ਜਾਂ ਸ਼ਿਕਾਇਤ ਕਰਤਾ ਅਤੇ 15724 ਲੋਕਾਂ ਦੀ ਮੁਸ਼ਕਿਲ ਹੱਲ ਕੀਤੀ ਗਈ ਹੈ। ਇਸ ਵੈਬਸਾਈਟ ਉਤੇ ਕਈ ਭਾਸ਼ਾਵਾਂ ਦੇ ਵਿਚ ਗੱਲ ਕਰਨ ਦੇ ਲਈ ਨੰਬਰ ਤਾਂ ਹਨ ਪਰ ਪੰਜਾਬੀ ਭਾਸ਼ਾ ਦੇ ਲਈ ਕੋਈ ਨੰਬਰ ਨਹੀਂ। ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਵੀ ਇਸ ਵੈਬਸਾਈਟ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਨਾਂਅ ਦਰਜ ਕਰਨ ਦੀ ਅਪੀਲ ਕਰਦਾ ਹੈ। ਮਦਦ ਵੈਬਸਾਈਟ ਦਾ ਐਡਰੈਸ ਹੈ: madad.gov.in

## ਸੈਨਹੋਜ਼ੇ, ਕੈਲੇਫੋਰਨੀਆ ਵਿਸਾਖੀ ਮੇਲਾ 29 ਮਈ ਨੂੰ

**ਸੈਨਹੋਜ਼ੇ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਬੇ-ਏਰੀਆ ਕਲਚਰਲ ਅਤੇ ਸਪੋਰਟਸ ਐਸੋਸੀਏਸ਼ਨ ਵੱਲੋਂ ਹਰ ਵਰ੍ਹੇ ਕਰਵਾਇਆ ਜਾਂਦਾ ਵਿਸ਼ਾਲ ਖੇਡ ਤੇ ਸਭਿਆਚਾਰਕ ਮੇਲਾ ਐਤਕੀ 29 ਮਈ ਦਿਨ ਐਤਵਾਰ ਨੂੰ ਐਵਰਗ੍ਰੀਨ ਵੈਲੀ ਹਾਈ ਸਕੂਲ ਵਿਚ ਨਜ਼ਦੀਕ ਸੈਨ-ਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਹਰ ਸਾਲ ਵਾਂਗ ਵਿਸ਼ਾਲ ਇਸ ਵਿਸਾਖੀ ਮੇਲੇ ਵਿਚ ਵੀ ਦਰਸ਼ਕਾਂ ਦੀ ਭਾਰੀ ਗਿਣਤੀ ਸ਼ਾਮਲ ਹੋਣ ਦੀ ਉਮੀਦ ਹੈ। ਮੇਲਾ ਕਮੇਟੀ ਦੇ ਆਗੂ ਜਸਵਿਦਰ ਸਿੰਘ ਸੋਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੇਲੇ ਵਿਚ ਕਬੱਡੀ, ਬਾਲੀਬਾਲ, ਗਿੱਧਾ, ਭੰਗੜਾ ਅਤੇ ਹੋਰ ਸਭਿਆਚਾਰਕ ਪ੍ਰੋਗਰਾਮ ਹੋਣਗੇ। ਇਸ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਸਟੇਜ ਦਾ ਸ਼ਿੰਗਾਰ ਹੋਣਗੇ। ਇਹ ਮੇਲਾ ਮੁਕੰਮਲ ਤੌਰ ਤੇ ਪਰਿਵਾਰਕ ਹੋਵੇਗਾ ਤੇ ਸਕਿਊਰਿਟੀ ਦਾ ਪੂਰਾ ਪ੍ਰਬੰਧ ਹੋਵੇਗਾ।

## ਆਰਬੀਆਈ ਵੱਲੋਂ ਪੰਜਾਬ ਸਰਕਾਰ ਦੇ ਖਾਤੇ ਸੀਲ

**ਚੰਡੀਗੜ੍ਹ -** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਪੰਜਾਬ ਸਰਕਾਰ ਨੂੰ ਤਕੜਾ ਝਟਕਾ ਦਿੰਦਿਆਂ ਸਰਕਾਰ ਦੇ ਸਾਰੇ ਬੈਂਕ ਖਾਤੇ ਜਾਮ (ਸੀਲ) ਕਰ ਦਿੱਤੇ ਹਨ। ਮਾਲੀ ਵਰ੍ਹੇ ਦੇ ਖ਼ਤਮ ਹੋਣ ਤੋਂ ਦੋ ਦਿਨ ਪਹਿਲਾਂ ਆਰਬੀਆਈ ਦਾ ਇਹ ਫੈਸਲਾ ਰਾਜ ਸਰਕਾਰ ਲਈ ਵੱਡਾ ਸੰਕਟ ਖੜ੍ਹਾ ਕਰਨ ਵਾਲਾ ਹੈ। ਆਰ-ਬੀਆਈ ਵੱਲੋਂ 29 ਮਾਰਚ ਨੂੰ ਜਾਰੀ ਪੱਤਰ ਰਾਹੀਂ ਸਮੂਹ ਬੈਂਕਾਂ ਨੂੰ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਦੇ ਸਾਰੇ ਬੈਂਕ ਖਾਤੇ ਤੁਰੰਤ ਸੀਲ ਕਰ ਕੇ ਰਕਮ ਕਢਵਾਉਣ 'ਤੇ ਰੋਕ ਲਗਾਈ ਜਾਵੇ। ਗੌਰਤਲਬ ਹੈ ਕਿ ਰਾਜ ਸਰਕਾਰ ਲਈ 31 ਮਾਰਚ ਦਾ ਦਿਨ ਅਤਿ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਮਾਲੀ ਸਾਲ ਦੇ ਅੰਤਲੇ ਦਿਨ ਕਈ ਤਰ੍ਹਾਂ ਦੀਆਂ ਅਦਾਇਗੀਆਂ ਕਰਨੀਆਂ ਹੁੰਦੀਆਂ ਹਨ। ਰਾਜ ਦੇ ਵਿੱਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਆਰ-ਬੀਆਈ ਵੱਲੋਂ ਸਰਕਾਰ ਦੇ ਸਮੂਹ ਬੈਂਕ ਖਾਤੇ ਸੀਲ ਕੀਤੇ ਜਾਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਾਲੀ ਸੰਕਟ ਕਾਰਨ ਪਿਛਲੇ ਦੋ ਦਿਨਾਂ ਤੋਂ ਉਂਜ ਹੀ ਅਦਾਇਗੀਆਂ 'ਤੇ ਰੋਕ ਲਗਾ ਦਿੱਤੀ ਗਈ ਸੀ।ਆਰਬੀਆਈ ਦੇ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਰਾਜ ਸਰਕਾਰ ਦੇ ਓਵਰਡਰਾਫਟ 'ਚ ਜਾਣ ਕਾਰਨ ਇਹ ਕਦਮ ਚੁੱਕਿਆ ਗਿਆ ਹੈ। ਉਧਰ, ਆਰਬੀਆਈ ਦੇ ਇਸ ਫੈਸਲੇ ਨੂੰ ਰਾਜਸੀ ਨਜ਼ਰੀਏ ਤੋਂ ਵੀ ਦੇਖਿਆ ਜਾ ਰਿਹਾ ਹੈ, ਕਿਉਂਕਿ ਕੇਂਦਰ ਸਰਕਾਰ ਤੋਂ ਕਰਾਂ ਦੇ ਹਿੱਸੇ ਵਜੋਂ ਆਉਣ ਵਾਲੀ 1230 ਕਰੋੜ ਰੁਪਏ ਦੀ ਰਕਮ ਨਾ ਆਉਣ ਕਾਰਨ ਓਵਰਡਰਾਫਟ ਦੀ ਸਮੱਸਿਆ ਨਾਲ ਨਿਪਟਿਆ ਨਹੀਂ ਜਾ ਸਕਿਆ।

## ਲੇਖਕਾਂ/ਪੱਤਰਕਾਰ ਵੀਰਾਂ ਨੂੰ ਬੇਨਤੀ

'ਦੇਸ਼ ਦੁਆਬਾ' ਵਿਚ ਆਪਣੀਆਂ ਰਚਨਾਵਾਂ ਅਤੇ ਖ਼ਬਰਾਂ ਭੇਜਣ ਵਾਲੇ ਲੇਖਕ ਅਤੇ ਪੱਤਰਕਾਰ ਭਰਾ ਆਪਣੀ ਲਿਖਤ ਸਾਨੂੰ ਸਿਰਫ ਈ-ਮੇਲ ਰਾਹੀਂ ਹੀ ਭੇਜਣ। ਸਾਡਾ ਈ-ਮੇਲ deshdoaba.yahoo.com- ਜੇਕਰ ਕੋਈ ਰਚਨਾ ਛਪਣ ਤੋਂ ਰਹਿ ਜਾਂਦੀ ਹੈ ਤਾਂ ਸਾਨੂੰ ਯਾਦ ਕਰਵਾਇਆ ਜਾਵੇ ਤਾਂ ਜੋ ਅਗਲੇ ਅੰਕ ਵਿਚ ਅਸੀਂ ਉਸ ਰਚਨਾ ਨੂੰ ਪ੍ਰਕਾਸ਼ਿਤ ਕਰ ਸਕੀਏ। ਕਈ ਵਾਰ ਜਗ੍ਹਾ ਦੀ ਘਾਟ ਜਾਂ ਸਮੇਂ ਸਿਰ ਨਾ ਮਿਲਣ ਜਾਂ ਫਿਰ ਹੋਰ ਕਾਰਨਾਂ ਕਰਕੇ ਵੀ ਕੋਈ ਰਚਨਾ ਨਹੀਂ ਛਪਦੀ ਤਾਂ ਉਹ ਰਚਨਾ ਅਸੀਂ ਅਗਲੇਰੇ ਅੰਕਾਂ ਵਿਚ ਛਾਪਣ ਦੀ ਪੂਰੀ ਕੋਸ਼ਿਸ਼ ਕਰਾਂਗੇ।

-ਸੰਪਾਦਕ


## Matrimonial

Looking for a well-educated, beautiful, professionally qualified and family oriented girl for a very handsome tall 5fts, 10 inches August 1985 boy belonging to a S.C. respectable family USA CITIZEN, MASTER OF SCIENCE IN AEROSPACE working as civil engineer at a USA Airforce. Serious interested may contact on phone NO. 1-209-817-5127 WITH LATEST PHOTO AND BIODATA.

# ਕੈਪਟਨ ਨੇ ਨਸ਼ੇ ਦੇ ਖ਼ਾਤਮੇ ਲਈ ਟਾਸਕ ਫੋਰਸ ਨੂੰ ਦਿੱਤੀ ਖੁੱਲ੍ਹੀ ਛੁੱਟੀ

## ਨਸ਼ਾ ਤਸਕਰੀ ਕੇਸਾਂ ਦੇ ਵਿੱਚ ਸਿਆਸੀ ਆਗਿਆਂ ਨੂੰ ਰਾਹਤ ਕਿਉਂ?

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਏਡੀਜੀਪੀ ਹਰਪ੍ਰੀਤ ਸਿੱਧੂ ਦੀ ਅਗਵਾਈ ਵਿੱਚ ਨਵੀਂ ਗਠਿਤ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ) ਨੂੰ ਸੂਬੇ ਵਿਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਲਈ ਸਿਰ ਤੋੜ ਕੋਸ਼ਿਸ਼ਾਂ ਕਰਨ ਦੇ ਹੁਕਮ ਦੇਣ ਤੋਂ ਇਲਾਵਾ ਇਸ ਕਾਰਜ ਨੂੰ ਚਾਰ ਹਫਤਿਆਂ ਦੇ ਨਿਰਧਾਰਤ ਸਮੇਂ ਵਿੱਚ ਅੰਜਾਮ ’ਤੇ ਪਹੁੰਚਾਉਣ ਲਈ ਕਿਹਾ ਹੈ। ਉਨ੍ਹਾਂ ਸਿੱਧੂ ਨੂੰ ਨਸ਼ੇ ਦੇ ਵਪਾਰ ਵਿੱਚ ਲੱਗੇ ਕਿਸੇ ਵੀ ਵਿਅਕਤੀ ਨੂੰ ਨਾ ਬਖਸ਼ਣ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਰੋਜ਼ਮਰਾ ਦੇ ਆਧਾਰ ’ਤੇ ਖੁਦ ਐਸ.ਟੀ.ਐਫ ਦੀ ਪ੍ਰਗਤੀ ’ਤੇ ਨਿਗਰਾਨੀ ਰੱਖਣਗੇ ਤਾਂ ਕਿ ਚਾਰ ਹਫ਼ਤਿਆਂ ਵਿਚ ਨਸ਼ਿਆਂ ਦੇ ਪੂਰੀ ਤਰ੍ਹਾਂ ਸਫਾਏ ਕਰਨ ਦੇ ਵਾਅਦੇ ਨੂੰ ਪੂਰਾ ਕੀਤਾ ਜਾ ਸਕੇ। ਸਿੱਧੂ ਨੇ ਵਿਸ਼ੇਸ਼ ਟਾਸਕ ਫੋਰਸ ਦਾ ਚਾਰਜ ਸੰਭਾਲ ਲਿਆ ਹੈ। ਪੰਜਾਬ ਵਿੱਚ ਨਸ਼ਿਆਂ ਵਿਰੁੱਧ ਵਿਸ਼ੇਸ਼ ਟਾਸਕ ਫੋਰਸ ਦਾ ਮੁਖੀ ਬਣਾਏ ਜਾਣ ਤੋਂ ਪਹਿਲਾਂ ਉਹ ਛੱਤੀਸਗੜ੍ਹ ਵਿਖੇ ਨਕਸਲੀਆਂ ਵਿਰੁੱਧ ਕਾਰਵਾਈ ਵਿੱਚ ਹਿੱਸਾ ਲੈ ਰਿਹਾ ਸੀ। ਮੁੱਖ ਮੰਤਰੀ ਨੇ ਸਿੱਧੂ ਦੀ ਅਗਵਾਈ ਵਿੱਚ ਉੱਚ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਦੱਸਿਆ ਕਿ ਸੂਬੇ ਵਿੱਚ ਨਸ਼ਿਆਂ ਦੇ ਵਪਾਰੀਆਂ ਅਤੇ ਤਸਕਰਾਂ ਨੂੰ ਕਾਬੂ ਕਰਨ ਅਤੇ ਉਨ੍ਹਾਂ ਦੇ ਟੋਹ ਲਾਉਣ ਲਈ ਲੋਕਾਂ ਦੀ ਮਦਦ ਵੀ ਲਈ ਜਾਵੇ। ਇਸ ਸਬੰਧ ਵਿੱਚ 24 ਘੰਟੇ ਚੱਲਣ ਵਾਲੀ ਹੈਲਪ ਲਾਈਨ ਵੀ ਤਿਆਰ ਕੀਤੀ ਗਈ ਹੈ ਅਤੇ ਕੋਈ ਵੀ ਵਿਅਕਤੀ 181 ’ਤੇ ਫੋਨ ਕਰਕੇ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਘਟਨਾ ਦੀ ਜਾਣਕਾਰੀ ਦੇ ਸਕਦਾ ਹੈ ਅਤੇ ਉਸ ਦੀ ਸ਼ਨਾਖਤ ਸਬੰਧੀ ਉਸ ਦੀ ਪੂਰੀ ਸੁਰੱਖਿਆ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਨਸ਼ਾ ਮਾਫੀਆ, ਨਸ਼ੇ ਦੇ ਵਪਾਰੀਆਂ/ਡੀਲਰਾਂ ਦੀ ਕਿਸੇ ਵੀ ਤਰੀਕੇ ਨਾਲ ਮਦਦ ਕਰਨ ਵਾਲੇ ਵਿਰੁੱਧ ਸਖਤ ਕਾਰਵਾਈ ਕਰਨ ਦੇ ਵੀ ਵਿਸ਼ੇਸ਼ ਟਾਸਕ ਫੋਰਸ ਨੂੰ ਨਿਰਦੇਸ਼ ਦਿੱਤੇ ਹਨ। ਪੰਜਾਬ ਪੁਲਿਸ ਨੇ ਨਸ਼ਾ ਮੁਕਤ ਪੰਜਾਬ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਮਾਲਵੇ ਵਿਚ ਸੈਂਕੜੇ ‘ਨਸ਼ਾ ਜ਼ੋਨ’ ਸ਼ਨਾਖਤ ਕਰ ਲਏ ਹਨ, ਜਿਥੇ ਨਸ਼ਿਆਂ ਦੀ ਤਸਕਰੀ ਹੁੰਦੀ ਹੈ ਜਾਂ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ। ਹਰਿਆਣਾ ਤੇ ਰਾਜਸਥਾਨ ਦੇ ਕਈ ਟਿਕਾਣਿਆਂ ਦੀ ਸ਼ਨਾਖ਼ਤ ਹੋਈ ਹੈ। ਪੁਲਿਸ ਨੇ ਨਸ਼ਾ ਤਸਕਰਾਂ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਉਨ੍ਹਾਂ ਨੇ ਨਸ਼ਾ ਵੇਚਣਾ ਨਾ ਛੱਡਿਆ ਤਾਂ ਸਖਤ ਕਦਮ ਚੁੱਕੇ ਜਾਣਗੇ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਚਾਰ ਦਾ ਹੱਲਾ ਬੋਲਣ ਤੋਂ ਬਾਅਦ ਪਰਵਾਸੀ ਭਾਰਤੀ ਵੀ ਹੁਣ ਸੂਬੇ ਵਿਚੋਂ ਨਸ਼ੇ ਦਾ ਖਾਤਮਾ ਕਰਨ ਲਈ ਮੈਦਾਨ ਵਿਚ ਉਤਰਨਗੇ। ਪਰਵਾਸੀ ਭਾਰਤੀ ਵੱਖ-ਵੱਖ ਟੀਮਾਂ ਬਣਾ ਕੇ ਘਰ-ਘਰ ਤੱਕ ਪਹੁੰਚ ਕਰਨਗੇ। ਪੰਜਾਬੀ ਫਿਲਮਾਂ ਦੇ ਅਦਾਕਾਰ ਯੋਗਰਾਜ ਸਿੰਘ ਇਸ ਕਾਰਜ ਵਿਚ ਪਰਵਾਸੀ ਭਾਰਤੀਆਂ ਦੀ ਅਗਵਾਈ ਕਰਨਗੇ। ਨਸ਼ਿਆਂ ਦੇ ਕੇਸਾਂ ਵਿਚ ਬੇਦੋਸ਼ਿਆਂ ਨੂੰ ਫਸਾਉਣ ਦੀ ਕਾਰਵਾਈ ਹੁਣ ਨਿਆਇਕ ਨਜ਼ਰਸਾਨੀ ਹੇਠ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨਸ਼ਿਆਂ ਦੇ ਕੇਸਾਂ ਵਿਚ ਫੜੇ ਬੇਦੋਸ਼ਿਆਂ ਦੇ ਵੇਰਵੇ ਦੇਣ ਲਈ ਕਿਹਾ ਹੈ। ਸਰਕਾਰ ਨੂੰ ਇਹ ਵੀ ਦੱਸਣਾ ਪਵੇਗਾ ਕਿ ਫਰਜ਼ੀ ਕੇਸਾਂ ਵਿਚ ਫਸਾਏ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਕੀ ਉਸ ਕੋਲ ਕੋਈ ਖਾਸ ਨੀਤੀ ਹੈ। ਇਸ ਮੰਤਵ ਲਈ ਜਸਟਿਸ ਰਾਜਨ ਗੁਪਤਾ ਨੇ ਦੋ ਹਫਤਿਆਂ ਦੀ ਸਮਾਂ ਸੀਮਾ ਵੀ ਨਿਰਧਾਰਤ ਕੀਤੀ।



# ਸੁਪਰੀਮ ਕੋਰਟ ਵੱਲੋਂ ਬਾਬਰੀ ਵਿਵਾਦ ਦੀ ਛੇਤੀ ਸੁਣਵਾਈ ਤੋਂ ਨਾਂਹ

**ਨਵੀਂ ਦਿੱਲੀ –** ਭਾਜਪਾ ਆਗੂ ਸੁਬਰਾਮਣੀਅਨ ਸਵਾਮੀ ਨੂੰ ਉਦੋਂ ਨਮੋਸ਼ੀ ਹੋਈ ਜਦੋਂ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਨਾਲ ਸਬੰਧਤ ਅਪੀਲਾਂ ਦੀ ਜਲਦੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਇਸ ਨੂੰ ਇਹ ਗ਼ਲਤ ਪ੍ਰਭਾਵ ਸੀ ਕਿ ਸ੍ਰੀ ਸਵਾਮੀ ਇਸ ਮਾਮਲੇ ਵਿੱਚ ਧਿਰ ਹਨ ਅਤੇ ਇਕ ਦਖ਼ਲ ਦੇਣ ਵਾਲੇ ਨਹੀਂ ਹਨ। ਬੀਤੀ 21 ਮਾਰਚ ਨੂੰ ਮਾਮਲੇ ਦੇ ਅਦਾਲਤ ਤੋਂ ਬਾਹਰ ਨਿਬੇੜੇ ਦਾ ਸੁਝਾਅ ਅਤੇ ਇਸ ਸਬੰਧੀ ਵਿਚੋਲਗੀ ਦੀ ਪੇਸ਼ਕਸ਼ ਕਰਨ ਵਾਲੇ ਚੀਫ਼ ਜਸਟਿਸ ਜੇ.ਐਸ. ਖੇਹਰ ਨੇ ਸ੍ਰੀ ਸਵਾਮੀ ਨੂੰ ਦੱਸਿਆ ਕਿ ਬੈਂਚ ਨੂੰ ਮੀਡੀਆ ਰਾਹੀਂ ਪਤਾ ਲੱਗਾ ਕਿ ਉਹ ਇਸ ਮਾਮਲੇ ਵਿੱਚ ਧਿਰ ਨਹੀਂ ਹਨ, ਸਗੋਂ ਸਿਰਫ਼ ਦਖ਼ਲ ਦੇਣ ਵਾਲੇ ਹਨ। ਬੈਂਚ ਵਿੱਚ ਸ਼ਾਮਲ ਦੂਜੇ ਜਸਟਿਸ ਡੀ.ਵਾਈ. ਚੰਦਰਚੂੜ ਨੇ ਕਿਹਾ, “ਫ਼ਿਲ-ਹਾਲ ਸਾਡੇ ਕੋਲ ਵਕਤ ਨਹੀਂ ਹੈ। ਅਸੀਂ ਤੁਹਾਡੀ ਸੁਣਵਾਈ ਨਹੀਂ ਕਰ ਸਕਦੇ।’’ ਜਦੋਂ ਸ੍ਰੀ ਸਵਾਮੀ ਨੇ ਆਪਣੀ ਅੰਤਰਿਮ ਅਪੀਲ ਨੂੰ ਛੇਤੀ ਸੁਣਵਾਈ ਲਈ ਰੱਖੇ ਜਾਣ ਦੀ ਬੇਨਤੀ ਕੀਤੀ ਤਾਂ ਬੈਂਚ ਨੇ ਕਿਹਾ, “ਤੁਸੀਂ ਸਾਨੂੰ ਨਹੀਂ ਦੱਸਿਆ ਕਿ ਤੁਸੀਂ ਕੇਸ ਵਿੱਚ ਧਿਰ ਨਹੀਂ ਹੋ। ਸਾਨੂੰ ਇਹ ਜਾਣਕਾਰੀ ਪ੍ਰੈੱਸ ਤੋਂ ਮਿਲੀ ਹੈ।’’ ਸ੍ਰੀ ਸਵਾਮੀ ਨੇ ਕਿਹਾ, ’’ਮੈਂ ਇਕ ਦਖ਼ਲ ਕਰਤਾ ਹੀ ਹਾਂ। ਮੇਰੀ ਜਾਇਦਾਦ ਵਿੱਚ ਦਿਲਚਸਪੀ ਨਹੀਂ ਹੈ। … ਮੈਂ ਚਾਹੁੰਦਾ ਹਾਂ ਕਿ ਮਾਮਲਾ ਛੇਤੀ ਤੋਂ ਛੇਤੀ ਹੱਲ ਹੋ ਜਾਵੇ। ਮੈਂ ਚਾਹੁੰਦਾ ਹਾਂ ਕਿ ਮੇਰੇ ਅਕੀਦੇ ਦੀ ਰਾਖੀ ਹੋਵੇ।’’ ਉਨ੍ਹਾਂ ਕਿਹਾ, ’’ਉਥੇ ਪੂਜਾ ਨਾ ਕਰ ਸਕਣ ਕਰ ਕੇ ਮੇਰੇ ਅਕੀਦੇ ਨੂੰ ਸੱਟ ਵੱਜ ਰਹੀ ਹੈ। ਉਥੇ ਇਕ ਮੰਦਰ ਹੋਣਾ ਚਾਹੀਦਾ ਹੈ। … ਮੈਂ ਇਕ ਦਖ਼ਲ ਦਿੰਦੀ ਅਰਜ਼ੀ ਪਾਈ ਸੀ।’’ਅਦਾਲਤ ਨੇ ਸਾਫ਼ ਕਰ ਦਿੱਤਾ ਕਿ ਇਹ ਮਾਮਲੇ ਦੀ ਫਾਸਟ ਟਰੈਕ ਸੁਣਵਾਈ ਨਹੀਂ ਕਰ ਸਕਦੀ ਕਿਉਂਕਿ ਇਸ ਕੋਲ ਸਮਾਂ ਨਹੀਂ ਹੈ। ਇਸ ਉਤੇ ਸ੍ਰੀ ਸਵਾਮੀ ਨੇ ਕਿਹਾ ਕਿ ਉਹ ਖੁਸ਼ ਨਹੀਂ ਹਨ, ਤਾਂ ਬੈਂਚ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ, ’’ਤਾਂ ਖ਼ੁਸ਼ ਨਾ ਹੋਵੋ।’’ ਗ਼ੌਰਤਲਬ ਹੈ ਕਿ ਮਾਮਲੇ ਦੇ ਪਹਿਲੇ ਮੁਕੱਦਮੇਬਾਜ਼ ਮੁਹੰਮਦ ਹਾਸ਼ਿਮ ਅੰਸਾਰੀ ਦੇ ਪੁੱਤਰ ਨੇ ਵੀ ਅਦਾਲਤ ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ ਸੀ ਕਿ ਸ੍ਰੀ ਸਵਾਮੀ ਦੀ ਬੇਨਤੀ ਉਤੇ ਗ਼ੌਰ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਸਵਾਮੀ ਨੇ ਸਬੰਧਤ ਧਿਰਾਂ ਨੂੰ ਇਹ ਜਾਣਕਾਰੀ ਨਹੀਂ ਦਿੱਤੀ ਕਿ ਉਨ੍ਹਾਂ ਨੇ ਮਾਮਲੇ ਦੀ ਛੇਤੀ ਸੁਣਵਾਈ ਦੀ ਅਪੀਲ ਪਾਈ ਹੈ।



‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਬਰਸੀ ਮਨਾਈ ਗਈ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ) :** ਪੰਜਾਬ ਦੀ ਧਰਤੀ ਦੇ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ “ਗੁਰੂ ਹਰਗੋਬਿੰਦ ਸਾਹਿਬ ਜੀ" ਦੇ ਨਾਂ ਹੇਠ ਚਲ ਰਹੀਆਂ ਸਮੂੰਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸੇਰ ਸਿੰਘ ਬ੍ਰਹਮ ਗਿਆਨੀ ਜੀ ਦੀ ਸਲਾਨਾ ਬਰਸੀ ਉੱਥੋ ਦੇ ਸਮੂੰਹ ਪੜੇ ਲਿਖੇ ਸਾਬਕਾ ਵਿਦਿਆਰਥੀਆਂ ਦੀ ਐਸੋਏਸ਼ਨ ਅਤੇ ਇਲਾਕਾ ਨਿਵਾਸੀਆਂ ਨੇ ਰਲ ਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਨਾਈ। ਜਿੱਥੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਦੇ ਭਾਈ ਸਰਬਜੀਤ ਸਿੰਘ, ਭਾਈ ਮਲਕੀਤ ਸਿੰਘ ਅਤੇ ਭਾਈ ਹਰਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਕਰਦੇ ਹੋਏ ਹਾਜ਼ਰੀ ਭਰੀ। ਇਸ ਉਪਰੰਤ ਭਾਰਤ ਤੋਂ ਪਹੁੰਚੇ ਪ੍ਰਸਿੱਧ ਕਥਾ ਵਾਚਕ ਭਾਈ ਮਲਕੀਤ ਸਿੰਘ ਕਰਨਾਲ ਵਾਲਿਆ ਨੇ ਸੰਗਤਾ ਨਾਲ ਸਿੱਖ ਇਤਿਹਾਸ ਨਾਲ ਸੰਬੰਧਤ ਸਹੀਦਾ ਦੀ ਜ਼ਿੰਦਗੀ ’ਤੇ ਵਿਚਾਰਾ ਸਾਂਝੀਆਂ ਕੀਤੀਆਂ। ਇਸ ਸਮੇਂ ਕਾਲਜ਼ ਦੇ ਸਾਬਕਾ ਵਿਦਿਆਰਥੀ ਸੁਰਿੰਦਰ ਸਿੰਘ ਗੋਗੀ ਨੇ ਬਾਬਾ ਜੀ ਦੀ ਜ਼ਿੰਦਗੀ ਦਾ ਵਡਮੁੱਲਾ ਇਤਿਹਾਸ ਸੰਗਤਾ ਨਾਲ ਸਾਝਾ ਕੀਤਾ। ਇਸ ਤੋਂ ਇਲਾਵਾ ਗੁਰੂਘਰ ਦੇ ਸਟੇਜ਼ ਸੈਕਟਰੀ ਸ. ਗੁਰਪ੍ਰੀਤ ਸਿੰਘ ਮਾਨ ਨੇ ਵੀ ਸਮੂੰਹ ਸਾਬਕਾ ਵਿਦਿਆਰਥੀਆਂ ਨੂੰ ਇਹੋ ਜਿਹੇ ਮਹਾਨ ਪੁਰਸਾ ਦੇ ਦਿਨ ਮਨਾਉਣ ’ਤੇ ਵਧਾਈ ਦਿੱਤੀ। ਇਸ ਤੋਂ ਇਲਾਵਾ ਹੋਰ ਪੱਤਵੰਤੇ ਸੱਜਣਾਂ ਨੇ ਵੀ ਸੰਗਤਾਂ ਨੂੰ ਸੰਬੋਧਿਤ ਕੀਤਾ। ਇਸੇ ਸਮੇਂ ਬੋਲਦੇ ਹੋਏ ਸ. ਸੁਰਿੰਦਰਿ ਸੰਘ ਗਿੱਲ ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ। ਜਦਿ ਕ ਸ. ਸਤਵੰਤ ਸਿੰਘ ਵਿਰਕ ਅਤੇ ਰਣਜੀਤਿ ਸੰਘ ਜੱਗਾਂ ਗਿੱਲ ਨੇ ਇਹੋ ਜਿਹੇ ਮਹਾਨ ਕਾਰਜਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਸਫਲ ਬਣਾਉਣ ਦੀ ਵਚਨਬੱਧਤਾ ਪ੍ਰਗਟਾਈ। ਇਸ ਸਮਾਗਮ ਦੌਰਾਨ ਤਿੰਨੇ ਦਿਨ ਗੁਰੂਘਰ ਵਿੱਚ ਅਮਰੀਕਾ ਦੇ ਵੱਖ ਵੱਖ ਹਿੱਸਿਆ ਵਿੱਚੋ ਪਹੁੰਚ ਕੇ ਜਿੱਥੇ ਸਾਬਕਾ ਵਿਦਿਆਰਥੀ ਆਪਸ ਵਿੱਚ ਮਿਲ ਕੇ ਕਾਲਜ਼ ਦੀਆਂ ਪੁਰਾਣੀਆਂ ਯਾਦਾ ਸਾਝੀਆਂ ਕਰਦੇ ਰਹੇ, ਉੱਥੇ ਆਪਣੇ ਕਾਲਜ਼ ਅਤੇ ਬਾਬਾ ਜੀ ਪ੍ਰਤੀ ਬਰਸੀ ਮਨਾਉਦੇ ਹੋਏ ਸਰਧਾ ਦੇ ਫੁੱਲ ਵੀ ਭੇਟ ਕੀਤੇ।




## Punjabi Pirates Celebrates

**April 8, 2017 (5pm - 10 pm)**

**1750 Harbor Street, Pitsburg (CA)**

**$7 for adults & $5 for children 12 and under**

**What Will Be There?**

There will be performances, Authentic Indian Food, Open Dance floor and Henna.

Main Part of the Event is we dance and throw colored powder to dance in!

**ਪੰਜਾਬੀ ਪਾਇਰੇਟਸ ਹੋਲੀ**

ਪੰਜਾਬੀ ਪਾਇਰੇਟਸ ਵੱਲੋਂ 8 ਅਪ੍ਰੈਲ 2017 ਨੂੰ ਸ਼ਾਮੀ 5 ਵਜੇ ਤੋਂ ਰਾਤੀ 10 ਵਜੇ ਤੱਕ 1750 ਹਾਰਬਰ ਸਟ੍ਰੀਟ, ਪਿਟਸਬਰਗ (ਕੈਲੇਫੋਰਨੀਆ) ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਬਾਲਗਾਂ ਦੇ ਲਈ 7 ਡਾਲਰ ਅਤੇ 12 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੀ 5 ਡਾਲਰ ਦੀ ਟਿਕਟ ਹੋਵੇਗੀ। ਇਸ ਪ੍ਰੋਗਰਾਮ ਦਰਮਿਆਨ ਕਈ ਕਿਸਮ ਦੀਆਂ ਪ੍ਰਫਾਰਮੈਂਸ, ਅਥੈਂਟਿਕ ਭਾਰਤੀ ਖਾਣੇ, ਓਪਨ ਡਾਂਸ ਫਲੋਰ ਅਤੇ ਮਹਿੰਦੀ ਤੋਂ ਇਲਾਵਾ ਕਈ ਕਿਸਮ ਦੇ ਮਨੋਰੰਜਕ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਪ੍ਰੋਗਰਾਮ ਵਿਚ ਮੁੱਖ ਤੌਰ ਤੇ ਡਾਂਸ ਅਤੇ ਥਾਰੋ ਕਲਰਡ ਪਾਊਡਰ ਡਾਂਸ ਵਿਸ਼ੇਸ਼ ਆਕਰਸ਼ਣ ਦਾ ਵਿਸ਼ਾ ਹੋਣਗੇ।

**Punjabi Pirates**

# ਹੁਣ ਨਕਦੀ ਲੈਣ-ਦੇਣ ਦੋ ਲੱਖ ਤੱਕ

ਨਵੀਂ ਦਿੱਲੀ – ਭਾਰਤ ਸਰਕਾਰ ਨੇ ਤਿੰਨ ਲੱਖ ਦੀ ਬਜਾਏ 2 ਲੱਖ ਤਕ ਨਕਦ ਲੈਣ ਦੇਣ ਸੀਮਤ ਕਰਨ ਦੀ ਨਵੀਂ ਤਜਵੀਜ਼ ਪੇਸ਼ ਕੀਤੀ ਹੈ ਜਦਕਿ ਬਜਟ ਵਿਚ ਇਹ ਤਿੰਨ ਲੱਖ ਸੀ ਅਤੇ ਇਸ ਨੇ ਇਕ ਬੇਮਿਸਾਲ ਕਾਰਵਾਈ ਵਿਚ ਵਿੱਤੀ ਬਿੱਲ ਵਿਚ 40 ਸੋਧਾਂ ਪੇਸ਼ ਕੀਤੀਆਂ ਹਨ । ਜੇਕਰ 2 ਲੱਖ ਤੋਂ ਵੱਧ ਨਕਦ ਲੈਣ-ਦੇਣ ਪਾਇਆ ਗਿਆ ਤਾਂ 100 ਫੀਸਦੀ ਜੁਰਮਾਨਾ ਦੇਣਾ ਪਵੇਗਾ । ਲੋਕ ਸਭਾ ਵਿਚ ਵਿਤ ਬਿੱਲ ’ਤੇ ਚਰਚਾ ਵਿਚ ਤ੍ਰਿਣਮੂਲ ਕਾਂਗਰਸ, ਬੀਜੂ ਜਨਤਾ ਦਲ ਅਤੇ ਰੈਵੋਲੂਸ਼ਨਰੀ ਸੋਸ਼ਲਿਸਟ ਪਾਰਟੀ ਵਰਗੀਆਂ ਵਿਰੋਧੀ ਪਾਰਟੀਆਂ ਨੇ 40 ਐਕਟਾਂ ਵਿਚ ਸੋਧਾਂ ਪੇਸ਼ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਅਜਿਹਾ ਪਿਛਲੇ ਦਰਵਾਜ਼ੇ ਰਾਹੀਂ ਕੀਤਾ ਜਾ ਰਿਹਾ ਹੈ । ਵਿੱਤ ਬਿੱਲ ਵਿਚ ਪੇਸ਼ ਕੀਤੀਆਂ ਸੋਧਾਂ ਵਿਚ ਨਕਦ ਲੈਣ ਦੇਣ 2 ਲੱਖ ਤਕ ਸੀਮਤ ਕਰਨ ਦੀ ਵਿਵਸਥਾ ਹੈ । ਇਸ ਤੋਂ ਪਹਿਲਾਂ ਇਕ ਫਰਵਰੀ ਨੂੰ ਬਜਟ ਪੇਸ਼ ਕਰਦਿਆਂ ਵਿਤ ਮੰਤਰੀ ਅਰੁਣ ਜੇਤਲੀ ਨੇ ਨਕਦੀ ਲੈਣ ਦੀ ਹੱਦ ਤਿੰਨ ਲੱਖ ਕਰਨ ਦੀ ਤਜਵੀਜ਼ ਪੇਸ਼ ਕੀਤੀ ਸੀ ਅਤੇ ਇਹ ਪਹਿਲੀ ਅਪ੍ਰੈਲ ਤੋਂ ਲਾਗੂ ਹੋਣੀ ਸੀ।

ਦੇਸ਼ ਦੁਆਬਾ

# ਕੈਂਸਰ ਬਣਿਆ ਮਹਾਂਮਾਰੀ

ਸਿਹਤ ਸਹੂਲਤਾਂ ਪੱਖੋਂ ਫਾਡੀ ਪੰਜਾਬ ਲਈ ਹੁਣ ਕੈਂਸਰ ਵਰਗੀ ਬਿਮਾਰੀ ਇਕ ਮਹਾਂਮਾਰੀ ਦਾ ਰੂਪ ਧਾਰ ਕਰ ਚੁੱਕੀ ਹੈ। ਹਾਲ ਹੀ ਵਿਚ ਆਏ ਅੰਕੜਿਆਂ ਮੁਤਾਬਕ ਹਰ ਰੋਜ਼ ਪੰਜਾਬ ਵਿਚ 43 ਲੋਕ ਕੈਂਸਰ ਕਾਰਨ ਆਪਣੀ ਜਾਨ ਗੁਆ ਰਹੇ ਹਨ।ਇਹ ਅੰਕੜੇ ਕੇਂਦਰੀ ਸਿਹਤ ਮੰਤਰਾਲੇ ਨੇ ਜਾਰੀ ਕੀਤੇ ਹਨ, ਜਿਹਨਾਂ ਮੁਤਾਬਕ ਜਨਵਰੀ 2014 ਤੋਂ ਲੈ ਕੇ ਦਸੰਬਰ 2016 ਤੱਕ ਪੰਜਾਬ ਵਿਚ 47,376 ਲੋਕਾਂ ਦੀ ਕੈਂਸਰ ਕਾਰਨ ਮੌਤ ਹੋ ਚੁੱਕੀ ਹੈ। ਇਹਨਾਂ ਤਿੰਨ ਸਾਲਾਂ ਵਿਚ ਕੈਂਸਰ ਨੇ 93690 ਲੋਕਾਂ ਨੂੰ ਆਪਣੀ ਜਕੜ ਵਿਚ ਲਿਆ। ਕੈਂਸਰ ਦੀ ਇਹ ਭਿਆਨਕ ਸਮੱਸਿਆ ਅੱਜ ਦੀ ਨਹੀਂ ਬਲਕਿ ਮਾਲਵੇ ਦੀ ਕਪਾਹ ਬੈਲਟ ਵਿਚ ਕਰੀਬ ਇਕ ਦਹਾਕੇ ਤੋਂ ਚੱਲੀ ਆ ਰਹੀ ਹੈ। ਇਸ ਨੂੰ ਖਤਮ ਕਰਨ ਅਤੇ ਉਪਾਅ ਕਰਨ ਲਈ ਪੰਜਾਬ ਅਤੇ ਕੇਂਦਰ ਸਰਕਾਰ ਤੇ ਪੰਜਾਬ ਦੇ ਲੋਕਾਂ ਨੇ ਬਹੁਤ ਦਬਾਅ ਪਾਇਆ, ਜਿਸ ਕਾਰਨ ਕੇਂਦਰ ਸਰਕਾਰ ਨੇ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਸਟੇਟ ਕੈਂਸਰ ਇੰਸਟੀਚਿਊਟ ਖੋਲ੍ਹਿਆ, ਹੁਸ਼ਿਆਰਪੁਰ ਤੇ ਫਾਜ਼ਿਲਕਾ ਵਿਚ ਦੋ ਜ਼ਿਲ੍ਹੇ ਦੇ ਹਸਪਤਾਲਾਂ ਵਿਚ ਕੈਂਸਰ ਕੇਅਰ ਸੈਂਟਰ ਸਥਾਪਤ ਕੀਤੇ। ਪੰਜਾਬ ਸਰਕਾਰ ਨੇ ਬਠਿੰਡਾ ਵਿਚ ਐਡਵਾਂਸਡ ਕੈਂਸਰ ਡਾਇਗਨੋਸਟਿਕ ਟਰੀਟਮੈਂਟ ਤੇ ਰਿਸਰਚ ਇੰਸਟੀਚਿਊਟ ਖੋਲ੍ਹਿਆ ਅਤੇ ਮੈਡੀਕਲ ਕਾਲਜ ਫਰੀਦਕੋਟ ਵਿਚ ਕੈਂਸਰ ਵਿਭਾਗ ਬਣਾਇਆ ਗਿਆ। ਇਸ ਦੇ ਬਾਵਜੂਦ ਪੰਜਾਬ ਵਿਚ ਸਾਰੇ ਭਾਰਤ ਨਾਲੋਂ ਜ਼ਿਆਦਾ ਲੋਕੀ ਕੈਂਸਰ ਦਾ ਸ਼ਿਕਾਰ ਹੋ ਰਹੇ ਹਨ।

ਕੈਂਸਰ ਇਕ ਅਜਿਹੀ ਬਿਮਾਰੀ ਹੈ, ਜਿਸ ਦਾ ਇਲਾਜ ਹੁਣ ਸੰਭਵ ਹੈ। ਇਸ ਦਾ ਪਹਿਲੀ ਸਟੇਜ ਤੇ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਆਸਾਨੀ ਨਾਲ ਹੋ ਜਾਂਦੀ ਹੈ, ਦੂਜੀ ਸਟੇਜ ਤੇ ਵੀ ਇਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਪਰ ਜੇਕਰ ਇਹ ਆਖਰੀ ਸਟੇਜ ਤੇ ਪਹੁੰਚ ਜਾਵੇ ਤਾਂ ਇਸ ਦਾ ਇਲਾਜ ਮੁਸ਼ਕਿਲ ਹੁੰਦਾ ਹੈ। ਪੰਜਾਬ ਦੇ ਮਾਲਵਾ ਇਲਾਕੇ ਵਿਚ ਕੈਂਸਰ ਦਾ ਪਤਾ ਹੀ ਲੋਕਾਂ ਨੂੰ ਬਹੁਤ ਦੇਰੀ ਨਾਲ ਲੱਗਦਾ ਹੈ। ਰਾਜਸਥਾਨ ਦੇ ਬੀਕਾਨੇਰ ਵਿਚ ਇਕ ਕੈਂਸਰ ਰੋਗੀਆਂ ਦਾ ਵਿਸ਼ੇਸ਼ ਹਸਪਤਾਲ ਹੈ, ਜਿੱਥੇ ਪੰਜਾਬ ਦੇ ਲੋਕੀ ਇਲਾਜ ਕਰਵਾਉਣ ਜਾਂਦੇ ਹਨ ਪਰ ਇਲਾਜ ਮਹਿੰਗਾ ਹੋਣ ਕਾਰਨ ਜ਼ਿਆਦਾਤਰ ਲੋਕੀ ਘਰੇ ਹੀ ਦਮ ਤੋੜ ਦਿੰਦੇ ਹਨ। ਆਰਥਿਕ ਤੌਰ ਤੇ ਝੰਬੇ ਹੋਏ ਲੋਕਾਂ ਦੇ ਲਈ ਪੰਜਾਬ ਸਰਕਾਰ ਨੇ ਵੀ ਇਕ ਫੰਡ ਸਥਾਪਤ ਕੀਤਾ ਅਤੇ ਸ਼੍ਰੋਮਣੀ ਕਮੇਟੀ ਨੇ ਵੀ ਉਦਮ ਕੀਤਾ ਹੈ। ਕੁਝ ਸਮਾਜ ਸੇਵੀ ਸੰਸਥਾਵਾਂ ਨੇ ਵੀ ਕੈਂਸਰ ਦੇ ਮਰੀਜਾਂ ਦੀ ਸੰਭਾਲ ਲਈ ਕਦਮ ਪੁੱਟੇ ਹਨ ਪਰ ਪੰਜਾਬ ਵਿਚ ਇਹ ਸਮੱਸਿਆ ਇੰਨੀ ਤੇਜ਼ੀ ਨਾਲ ਪੈਰ ਕਿਉਂ ਪਸਾਰ ਰਹੀ ਹੈ, ਇਸ ਬਾਰੇ ਵਿਆਪਕ ਅਧਿਐਨ ਨਹੀਂ ਹੋਇਆ।

ਪਿਛਲੇ ਸਮੇਂ ਦਰਮਿਆਨ ਇਸ ਸਮੱਸਿਆ ਬਾਰੇ ਕਈ ਤਰਕ ਅਤੇ ਵਿਚਾਰ ਆਏ। ਕੁਝ ਵਿਦਵਾਨਾਂ ਦਾ ਕਹਿਣਾ ਸੀ ਕਿ ਇਸ ਬੈਲਟ ਦਾ ਪਾਣੀ ਖਰਾਬ ਹੈ। ਕੁਝ ਦਾ ਕਹਿਣਾ ਹੈ ਕਿ ਧਰਤੀ ਵਿਚ ਕੀਟਨਾਸ਼ਕਾਂ ਦੀ ਮਾਤਰਾ ਬਹੁਤ ਜ਼ਿਆਦਾ ਹੋ ਗਈ ਹੈ ਕਿਉਂਕਿ ਇਸ ਇਲਾਕੇ ਵਿਚ ਨਰਮੇ ਉਤੇ ਬਹੁਤ ਜ਼ਿਆਦਾ ਕੀਟਨਾਸ਼ਕਾਂ ਦਾ ਸਪਰੇਅ ਕੀਤਾ ਜਾਂਦਾ ਹੈ। ਇਸ ਕਾਰਨ ਇਸ ਇਲਾਕੇ ਦੀ ਹਵਾ ਵੀ ਜ਼ਹਿਰੀਲੀ ਹੋ ਗਈ ਹੈ। ਸਰਕਾਰ ਨੇ ਦਿਹਾਤੀ ਇਲਾਕਿਆਂ ਵਿਚ ਵੱਡੇ ਪਾਣੀ ਸਾਫ ਕਰਨ ਵਾਲੇ ਯੰਤਰ ਵੀ ਲਗਾਏ ਸਨ। ਕਈ ਪਿੰਡਾਂ ਵਿਚ ਨਹਿਰਾਂ ਵਾਲਾ ਪਾਣੀ ਸਾਫ ਕਰਕੇ ਪੀਣ ਲਈ ਸਪਲਾਈ ਕੀਤਾ ਜਾਣ ਲੱਗ ਪਿਆ ਪਰ ਇਸ ਦੇ ਬਾਵਜੂਦ ਇਸ ਇਲਾਕੇ ਦੀ ਸਮੱਸਿਆ ਜਿਉਂ ਦੀ ਤਿਉਂ ਬਰਕਰਾਰ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-28

## ਗੁਰਬਾਣੀ ਦੇ ਚਾਨਣ ਵਿੱਚ ਕਰੋਧ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰਬਾਣੀ ਵਿਖੇ ਕਰੋਧ ਦੇ ਵੱਖ ਵੱਖ ਰੂਪ-ਕਰੋਧ, ਕਰੋਧੁ ਕਰੋਧਿ, ਕ੍ਰੋਧ, ਕ੍ਰੋਧਿ ਅਤੇ ਅਰਥ-ਕਰੋਧ, ਕਰੋਧੁ, ਕ੍ਰੋਧ ਅਤੇ ਕ੍ਰੋਧੁ ਬਰਾਬਰ ਅਰਥ ਗੁੱਸਾ ਤੇ ਰੋਸ ਹਨ। ਕਰੋਧ-ਕ੍ਰੋਧ ਬਹੁਵਚਨੀ ਕ੍ਰਿਆ, ਕਰੋਧੁ-ਕ੍ਰੋਧੁ ਇੱਕਵਚਨੀ ਕ੍ਰਿਆ ਅਤੇ ਕਰੋਧਿ-ਕ੍ਰੋਧਿ, ਕ੍ਰੋਧ ਵਿੱਚ, ਕ੍ਰੋਧ ਕਰਕੇ ਜਾਂ ਕ੍ਰੋਧ ਵਾਲੀ ਕ੍ਰਿਆ ਹੈ। ਕ੍ਰਿਆ ਇਸ ਕਰਕੇ ਕਿ ਕੁਝ ਚੰਗਾ ਮੰਦਾ ਕੀਤਾ ਜਾ ਰਿਹਾ ਹੈ। ਪੰਜ ਵਿਸ਼ੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਕ੍ਰੋਧ ਇਨ੍ਹਾਂ ਚੋਂ ਦੂਜੇ ਨੰਬਰ ਤੇ ਹੈ।

ਕਰੋਧ ਬਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼-ਜਿਨ੍ਹਾਂ ਅੰਦਰ ਕ੍ਰੋਧ ਚੰਡਾਲ ਹੱਦੋਂ ਵੱਧ ਸਵਾਰ ਹੁੰਦਾ ਹੈ ਉਨ੍ਹਾਂ ਨੂੰ ਦੂਜੀ ਵਾਰ ਨਾ ਮਿਲੀਏ-ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥ (੪੦) ਆਪਣੇ ਵਰਗਾ ਸਭ ਨੂੰ ਵਿਚਾਰੋ (ਸਮਝੋ) ਭਾਵ ਦੂਜਿਆਂ ਤੇ ਗੁੱਸੇ ਹੋਣ ਦੀ ਥਾਂ ਆਪਣੇ ਗਿਰੇਵਾਨ ਵਿੱਚ ਨੀਵੇਂ ਹੋ ਕੇ ਦੇਖੋ-ਰੋਸ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥ (੨੫੯) ਕਾਮ ਅਤੇ ਕ੍ਰੋਧ ਆਦਿਕ ਵਿਸ਼ੇ ਸਰੀਰ ਨੂੰ ਇਵੇਂ ਗਾਲਦੇ (ਬਰਬਾਦ) ਕਰਦੇ ਹਨ ਜਿਵੇਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ-ਕਾਮੁ ਕ੍ਰੋਧੁ ਕਾਇਆ ਕਉ ਗਾਲੈ ਜਿਉ ਕੰਚਨ ਸੋਹਾਗਾ ਢਾਲੈ॥ (੯੩੨) ਵੱਸ ਵਿੱਚ ਨਾਂ ਆ ਸੱਕਣ ਵਾਲਾ ਕ੍ਰੋਧ ਵੀ, ਹਿਰਦੇ ਵਿੱਚ ਹੀ ਵੱਸਦਾ ਹੈ, ਜਿਸ ਨੇ ਮਨੁੱਖ ਦੀ ਭਲੇ ਪਾਸੇ ਦੀ ਸਾਰੀ ਹੋਸ਼ ਭੁਲਾ ਦਿੱਤੀ ਹੈ-ਕਠਨ ਕਰੋਧ ਘਟ ਹੀ ਕੇ ਭਿਤਰਿ ਜਿਹ ਸੁਧਿ ਸਭ ਬਿਸਰਾਈ॥(੨੧੯) ਹੇ ਝਗੜੇ ਦੇ ਮੂਲ ਕ੍ਰੋਧ ਤੇਰੇ ਅੰਦਰ ਕਦੇ ਦਇਆ ਨਹੀਂ ਉਪਜਦੀ। ਤੂੰ ਵਿਸ਼ਈ ਜਿਵਾਂ ਨੂੰ ਆਪਣੇ ਵੱਸ ਕਰ ਲੈਂਦਾ ਅਤੇ ਤੇਰੇ ਵੱਸ ਆਇਆ ਜੀਵ ਫਿਰ ਬਾਂਦਰ ਵਾਂਗ ਨਚਦਾ ਹੈ-ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥ਬਿਖਯੰਤ ਜੀਵੰ ਵਸਯੰ ਕਰੋਤਿ ਨਿਰਤਯੰ ਕਰੋਤਿ ਜਥਾ ਮਰਕਟਹ॥ (੧੩੫੮)

ਭਾਈ ਗੁਰਦਾਸ-ਭਾਈ ਗੁਰਦਾਸ ਜੀ ਵੀ ਕ੍ਰੋਧ ਬਾਰੇ ਲਿਖਦੇ ਹਨ ਕਿ ਦੁਰਮਤੀਆਂ ਦੇ ਮਨ ਵਿਖੇ ਅਗਿਆਨ ਦਾ ਵਾਸਾ ਹੋਣ ਕਰਕੇ ਵੈਰ, ਵਿਰੋਧ ਅਤੇ ਕ੍ਰੋਧ ਦੇ ਖੋਟੇ (ਅਰਥਹੀਨ) ਲੇਖੇ ਕਰਦੇ ਹਨ-ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧੁ ਕਰੋਧ ਕੁਲੇਖੈ। (ਵਾਰ ੩੧, ਪੌੜੀ-੬)

ਸੂਰਜ ਪ੍ਰਕਾਸ਼-ਕ੍ਰੋਧੀ ਜੀਵ ਕਿਹੜਾ ਪਾਪ ਨਹੀਂ ਕਰ ਸਕਦਾ? ਮਾਂ ਬਾਪ ਜੋ ਆਦਰਯੋਗ ਨੇ ਉਨ੍ਹਾਂ ਦੀ ਅਵੱਗਿਆ ਕਰ ਟਿੱਚ ਸਮਝਦਾ ਹੈ। ਨਾ ਮਾਰਨ ਵਾਲੇ ਨੂੰ ਮਾਰਦਾ ਅਤੇ ਕੌੜੇ ਕਠਨ ਬਚਨ ਬੋਲਦਾ ਹੈ। ਇੱਥੋਂ ਤੱਕ ਕੇ ਕ੍ਰੋਧੀ ਖੁਦਕੁਸ਼ੀ ਵੀ ਕਰ ਲੈਂਦਾ ਹੈ-ਜਬਿ ਨਰ ਕੋ ਉਰ ਕ੍ਰੋਧ ਉਪਾਇ। ਕੋ ਅਸ ਪਾਪ ਜੋ ਕਰ ਨਾ ਸਕਾਇ॥੩੬॥ਮਾਤ ਪਿਤਾ ਗੁਰਦੇਵ ਮਹਾਨੇ।ਕਰਤ ਅਵੱਗਯਾ ਕਛੂ ਨ ਜਾਨੈ।ਜੋ ਹੈ ਅਬਧ ਬਧਹਿ ਤਿਨ ਤਾਈ।ਨਿਸ਼ਠੁਰ ਬਾਕ ਕਹੈ ਸਮੁਦਾਈ॥੩੭॥ਉਪਜੇ ਕ੍ਰੋਧ ਅਪਰ ਕਿਆ ਕਹਿਨੋ।ਪ੍ਰਾਨ ਬਿਨਾਸਹਿ ਜਾਇ ਨ ਸਹਿਨੋ॥(ਗੁ.ਪ੍ਰ.ਸੂਰਜ, ਰਾਸਿ-੧੧, ਅੰਸੂ ੧੭)

ਗੁੱਸੇਖੋਰ ਕ੍ਰੋਧੀ ਕਦੇ ਵੀ ਕਿਸੇ ਦਾ ਭਲਾ ਨਹੀਂ ਕਰ ਸਕਦੇ ਸਗੋਂ ਆਪਣਾ ਵੀ ਝੁੱਗਾ ਚੌੜ ਕਰ ਲੈਂਦੇ ਹਨ। ਜਿਵੇਂ ਤੌੜੀ ਉਬਲਦੀ ਤੇ ਆਪਣੇ ਹੀ ਕੰਢ੍ਹੇ ਸਾੜਦੀ ਹੈ ਇਵੇਂ ਹੀ ਕ੍ਰੋਧੀ ਲੋਗ ਆਪਣੇ ਸ਼ੁਭ ਗੁਣਾਂ ਦੇ ਕੰਢ੍ਹਿਆਂ ਨੂੰ ਸਾੜ ਲੈਂਦੇ ਹਨ। ਕ੍ਰੋਧੀ ਮਨੁੱਖ ਵਿਚਾਰਵਾਨ ਨਹੀਂ ਹੋ ਸਕਦਾ ਸਗੋਂ ਲੜਾਕਾ ਹੁੰਦਾ ਹੈ। ਬਹੁਤੇ ਧਰਮ ਗ੍ਰੰਥ ਪੜ੍ਹਨ ਵਾਲਾ ਵੀ ਵਿਦਵਾਨ ਨਹੀਂ ਹੋ ਸਕਦਾ ਸਗੋਂ ਉਹ ਕੋਰੜੂ ਮੋਠ ਵਰਗਾ ਹੈ ਜੋ ਰਿੰਨਿਆਂ ਵੀ ਨਹੀਂ ਗਲਦਾ। ਉਸ ਦੇ ਅੰਦਰਲਾ ਮੋਹ ਪ੍ਰਬਲ ਅਤੇ ਉਸ ਦੀ ਭਟਕਣਾ ਨਹੀਂ ਮਿਟਦੀ। ਉਸ ਦੀ ਵਿਦਿਆ ਵਾਲੀ ਸਾਰੀ ਦੌੜ ਭੱਜ ਠੱਗੀ ਵਾਲੀ ਅਤੇ ਉਸ ਨੂੰ ਸਦਾ ਮਾਇਆ ਦੀ ਝਾਕ ਲੱਗੀ ਰਹਿੰਦੀ ਹੈ। ਜੇ ਕੋਈ ਉਸ ਨੂੰ ਅਸਲੀਅਤ ਦੱਸੇ ਤਾਂ ਉਹ ਖਿਝਦਾ ਹੈ ਕਿਉਂਕਿ ਧਰਮ ਗ੍ਰੰਥ ਪੜ ਕੇ ਵੀ ਅੰਦਰ ਹਉਮੈ ਤੇ ਈਰਖਾ ਦਾ ਗੁੱਸਾ ਬਹੁਤਾ ਗੁੱਸਾ ਹੁੰਦਾ ਹੈ।

ਅਸਲ ਵਿੱਚ ਅਜਿਹੇ ਭੈੜੀ ਮਤ ਵਾਲੇ ਮੂਰਖ ਦੇ ਮਨ ਵਿੱਚ ਮਾਇਆ ਦਾ ਮੋਹ ਬਲਵਾਨ ਹੁੰਦਾ ਹੈ। ਅਜਿਹੇ ਠੱਗ ਨਾਲ ਹੋਰ ਅਜਿਹੇ ਠੱਗ ਸਾਥੀ ਰਲ ਜਾਂਦੇ ਹਨ। ਜਦ ਸਤਿਗੁਰੂ ਗਹੁ ਨਾਲ ਪ੍ਰਖਦਾ ਹੈ ਤਾਂ ਇਸ ਸੋਨੇ ਵਰਗੇ ਮੁਲੰਮਾਧਾਰੀ ਵਿਦਵਾਨ ਦਾ ਅੰਦਰਲਾ ਲੋਹਾ ਉਘੜ ਆਉਂਦਾ ਅਤੇ ਚੰਗਿਆਂ ਨਾਲ ਰਲੇ ਦਾ ਵੀ ਪਾਜ ਖੁੱਲ੍ਹ ਜਾਂਦਾ ਹੈ। ਜੇ ਅਜਿਹਾ ਲਕੀਰ ਦਾ ਫਕੀਰ ਭਰਮ ਗਿਆਨੀ ਸਤਿਗੁਰੂ ਦੀ ਸ਼ਰਨ ਆ ਜਾਵੇ ਤਾਂ ਲੋਹੇ ਤੋਂ ਸੋਨਾ ਬਣ ਜਾਂਦਾ ਹੈ ਕਿਉਂਕਿ ਸਤਿਗੁਰੂ ਦਾ ਕਿਸੇ ਨਾਲ ਵੈਰ ਨਹੀਂ ਉਸ ਨੂੰ ਪੁੱਤ੍ਰ ਵੈਰੀ ਸਮਾਨ ਤੇ ਗੁਰੂ ਔਗੁਣ ਕੱਟ ਕੇ ਸ਼ੁੱਧ ਕਰ ਦਿੰਦਾ ਹੈ। ਪਰ ਹੇ ਨਾਨਕ ਜਿਸਦੇ ਮਸਤੱਕ ਤੇ ਗੁਰੂ ਗਿਆਨ ਧੁਰੇ ਦਾ ਲੇਖ ਲਿਖਿਆ ਹੋਵੇ ਭਾਵ ਸੱਚੀ ਪ੍ਰੀਤ ਨਾਲ ਗੁਰੂ ਗਿਆਨ ਵਾਚਦਾ ਹੋਵੇ ਉਸ ਦਾ ਹੀ ਗੁਰੂ ਨਾਲ ਪ੍ਰੇਮ ਬਣਦਾ ਹੈ-ਪੰਡਿਤ ਅਖਾਏ ਬਹੁਤੀ ਰਾਹੀ ਕੋਰੜ ਮੋਠ ਜਨੇਹਾ॥ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ॥ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥ ਸਾਚ ਕਹੈ ਤਾਂ ਛੋਹੋ ਆਵੈ ਅੰਤਰਿ ਬਹੁਤਾ ਰੋਹਾ॥ ਵਿਆਪਿਆ ਦੁਰਮਤਿ ਕੁਬੁਧਿ ਕਮੂੜਾ ਮਨਿ ਲਾਗਾ ਤਿਸੁ ਮੋਹਾ॥ਠਗੈ ਸੇਤੀ ਠਗੁ ਰਲਿ ਆਇਆ ਸਾਥਿ ਭਿ ਇਕੋ ਜੇਹਾ॥...ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਗਣ ਕਟੇ ਕਰੇ ਸੁਧੁ ਦੇਹਾ॥ ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲ ਸਨੇਹਾ॥(੯੬੧)

ਕ੍ਰੋਧ ਕਦੋਂ ਚੰਗਾ ਅਤੇ ਇਸ ਕਾਬੂ ਕਿਵੇਂ ਪਾਇਆ ਜਾ ਸੱਕੇ?-ਕ੍ਰੋਧ ਨੂੰ ਭਲੇ ਕੰਮਾਂ ਲਈ ਬੀਰ ਰਸ ਵਿੱਚ ਬਦਲ ਕੇ ਉਸਾਰੂ ਕੰਮ ਕਰਨੇ, ਮਜਲੂਮਾਂ ਦੀ ਰੱਖਿਆ ਕਰਨੀ, ਬਹਾਦਰੀ ਵਾਲੇ ਪਾਸੇ ਲਾਉਣਾ ਅਤੇ ਬੁਰੇ ਕੰਮਾਂ ਵਿਰੁੱਧ ਬੀਰ ਰਸ ਧਾਰਨ ਕਰਨਾ। ਗੁਰਬਾਣੀ ਵਿਚਾਰ ਕੇ ਪੜ੍ਹਨੀ ਅਤੇ ਜੀਵਨ ਵਿੱਚ ਧਾਰਨੀ, ਨਿਮਰਤਾ ਹਲੀਮੀ ਆਦਿਕ ਸ਼ੁਭ ਗੁਣ ਧਾਰਨ ਕਰਨੇ, ਬਿਨਾਂ ਵਿਚਾਰੇ ਸੁਣੀ ਸੁਣਾਈ ਗੱਲ ਤੇ ਭੜਕਨਾ ਨਾਂ, ਦੂਜੇ ਦੀ ਗੱਲ ਠਰੰਮੇ ਨਾਲ ਸੁਣਨੀ ਤੇ ਆਪਣੀ ਸੁਨਾਉਣੀ।

ਚੰਗੀ ਸੰਗਤ ਕਰਨੀ, ਚੰਗਾ ਸੋਚਣਾ, ਚੰਗਾ ਪੜ੍ਹਨਾ, ਪਰਉਪਕਾਰੀ ਹੋਣਾ, ਲੋੜਵੰਦਾਂ ਦੀ ਮਦਦ ਤੇ ਸੇਵਾ ਕਰਨੀ, ਬਲੱਡ ਪ੍ਰੈਸ਼ਰ ਹਾਈ ਕਰਨ ਵਾਲੇ ਪਦਾਰਥਾਂ ਤੋਂ ਪ੍ਰਹੇਜ ਕਰਨਾਂ ਅਤੇ ਨੇਮ ਨਾਲ ਹਰ ਰੋਜ ਕਸਰਤ ਕਰਨੀ। ਮਨ ਅਤੇ ਸਰੀਰ ਨੂੰ ਚੰਗੇ ਪਾਸੇ, ਨੈਗਟਿਵ ਛੱਡ ਪਾਜਟਿਵ ਪਾਸੇ ਲੌਣਾ ਤੇ ਬਿਜੀ ਰੱਖਣਾ। ਮਨ ਨੀਵਾਂ ਅਤੇ ਮਤਿ ਉੱਚੀ ਰੱਖਣੀ ਗੁੱਸਾ ਆਉਣ ਤੇ ਢੰਡਾ ਪਾਣੀ ਪੀਣਾਂ ਆਦਿਕ ਕ੍ਰੋਧ ਤੇ ਕਾਬੂ ਪਾਉਣ ਦੇ ਸਾਧਨ ਹਨ।

## ਹਾੜੀ ਵੱਢੂੰਗੀ ਬਰਾਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ



ਤਸਵਿੰਦਰ ਸਿੰਘ ਬੜੈਚ
91-98763-22677

ਜਿਉਂ-ਜਿਉਂ ਸਮਾਂ ਬਦਲ ਰਿਹਾ ਹੈ, ਤਿਉਂ-ਤਿਉਂ ਸਾਡੀ ਖੇਤੀ ਤਕਨੀਕ ਵਿਚ ਵੀ ਬਦਲਾਅ ਆ ਗਿਆ ਹੈ। ਪੰਜਾਬ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਸਰੀਰਕ ਜ਼ੋਰ ਨਾ ਵਰਤੇ ਜਾਣ ਵਾਲੇ ਖੇਤੀਬਾੜੀ ਦੇ ਸੰਦਾਂ 'ਤੇ ਆਧੁਨਿਕ ਮਸ਼ੀਨਰੀ ਕਾਬਜ ਹੋ ਗਈ ਹੈ। ਹੱਥ ਚੱਕੀਆਂ ਦੀ ਥਾਂ ਬਿਜਲਈ ਚੱਕੀਆਂ ਆ ਗਈਆਂ, ਬਲਦਾਂ ਦੀ ਥਾਂ ਟਰੈਕਟਰ ਆ ਗਏ ਹਨ। ਇਸੇ ਤਰ੍ਹਾਂ ਕੰਬਾਈਨਾਂ ਆ ਜਾਣ ਨਾਲ ਦਾਤੀਆਂ ਦੀ ਕਦਰ ਵੀ ਨਹੀਂ ਰਹੀਂ। ਅੱਜ ਦਾ ਤਕਰੀਬਨ ਹਰ ਕੰਮ ਤੱਕ ਮਸ਼ੀਨੀਕਰਨ ਵਿਚ ਬਦਲ ਚੁੱਕਾ ਹੈ। ਪਿਛਲੇ ਕੁਝ ਸਾਲ ਪਹਿਲਾਂ ਕਣਕ ਦੀ ਫ਼ਸਲ ਦੀ ਕਟਾਈ ਸਾਰੇ ਪਰਿਵਾਰ ਹੱਥੀ ਦਾਤੀਆਂ ਨਾਲ ਕਰਦੇ ਸਨ। ਵਿਸਾਖੀ ਵਾਲੇ ਦਿਨ ਕਿਸਾਨ ਕਣਕ ਦੀ ਵਾਢੀ ਦੀ ਸ਼ੁਰੂਆਤ ਦਾ ਸ਼ਗਨ ਕਰ ਦਿੰਦੇ ਸਨ। ਵਿਸਾਖੀ ਦੇ ਤਿਉਹਾਰ ਦਾ ਕਣਕ ਦੀ ਵਾਢੀ ਨਾਲ ਸਿੱਧਾ ਸਬੰਧ ਸੀ। ਕਣਕ ਵੱਢਣ ਵਾਸਤੇ ਬਾਬੇ ਤੋਂ ਲੈ ਕੇ ਪੋਤਰਿਆਂ ਤੱਕ ਆਪਣੀ ਆਪਣੀ ਦਾਤੀ ਲੈ ਕੇ



ਵਾਢੀ ਦੀ ਮੁਹਿੰਮ ਉੱਤੇ ਚੜ੍ਹਦੇ ਸਨ। ਬਹੁਤ ਸਾਰੀਆਂ ਤਕੜੀਆਂ ਜਨਾਨੀਆਂ ਵੀ ਹਾੜ੍ਹੀ ਬੰਦਿਆਂ ਦੇ ਬਰਾਬਰ ਵੱਢਦੀਆਂ ਸਨ।

ਹਾੜ੍ਹੀ ਵੱਢੂੰਗੀ ਬਰਾਰ ਤੇਰੇ,
ਦਾਤੀ ਨੂੰ ਲਵਾਦੇ ਘੁੰਗਰੂ।

ਸਾਰਾ ਪਿੰਡ ਜਿਵੇਂ ਵਾਢੀਆਂ ਲਈ ਖੇਤਾਂ ਵੱਲ ਨਿਕਲ ਜਾਂਦਾ ਸੀ। ਨਿੱਕੇ ਨਿੱਕੇ ਬੱਚੇ ਵੀ ਖੇਤਾਂ ਵਿਚ ਪਹੁੰਚੇ ਹੁੰਦੇ। ਕਣਕਾਂ ਦੀਆਂ ਵਾਢੀਆਂ ਵਿਚ ਕੋਈ ਵੀ ਵਿਹਲਾ ਨਹੀਂ ਸੀ ਹੁੰਦਾ। ਸਾਰੇ ਘਰ ਦੇ ਜੀਆਂ ਨੂੰ ਮਾਨਸਿਕ ਤੌਰ ਉੱਤੇ ਵਾਢੀ ਲਈ ਤਿਆਰ ਕੀਤਾ ਜਾਂਦਾ ਸੀ। ਪਿੰਡਾਂ ਵਿਚ ਰਹਿੰਦੇ ਤਰਖਾਣ ਅਤੇ ਲੁਹਾਰ ਵੀ ਇਸ ਦਿਨ ਲਈ ਵਿਸ਼ੇਸ ਤੌਰ 'ਤੇ ਦਿਨ ਰਾਤ ਕੰਮ ਕਰ ਕੇ ਹੱਥੀ ਦਾਤੀਆਂ ਤਿਆਰ ਕਰਦੇ ਸਨ। ਪਿੰਡ ਦੇ ਝਿਊਰ ਖੇਤਾਂ ਵਿੱਚ ਪਾਣੀ ਵਰਤਾਉਂਦੇ। ਸਾਰੇ ਹੀ ਲਾਗੀ ਵਾਢੀਆਂ ਵਿਚ ਸਰਗਰਮ ਹੋ ਜਾਂਦੇ ਸਨ। ਸਾਰਾ ਦਿਨ ਵਾਢੀਆਂ ਕੀਤੀਆਂ ਜਾਂਦੀਆਂ। ਵਾਢੀਆਂ ਕਰਨ ਉਪਰੰਤ ਦਿਨ ਢਲੇ ਇਸ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਤਾਂ ਕਿ ਇਹ ਵੱਢੀ ਕਣਕ ਹਨੇਰੀ 'ਚ ਉੱਡ ਨਾ ਜਾਵੇ। ਲੋਕੀ ਹਨੇਰ ਪਿਆਂ ਘਰੀਂ ਮੁੜਦੇ ਸਨ। ਵਾਢੀ ਡਾਢੇ ਜ਼ੋਰ ਦਾ ਕੰਮ ਹੁੰਦਾ ਸੀ।

ਪਹਿਲੇ ਸਮਿਆਂ ਵਿਚ ਘਰ ਪਰਿਵਾਰ ਦੇ ਸਾਰੇ ਜੀਅ ਮਿਲ ਦੇ ਕਣਕ ਦੀ ਵਾਢੀ ਕਰਦੇ ਸਨ। ਪਰ ਅਜਿਹਾ ਹੁਣ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਇਸੇ ਕਰਕੇ ਅੱਜ ਦੇ ਸਮੇਂ ਜਿਥੇ ਆਪਸੀ ਭਾਈਚਾਰਕ ਸਾਂਝ ਖ਼ਤਮ ਹੋ ਰਹੀ ਹੈ ਉੱਥੇ ਮੋਹ ਦੀਆਂ ਤੰਦਾਂ ਵੀ ਫਿੱਕੀਆਂ ਪੈ ਰਹੀਆਂ ਹਨ। ਅੱਜ ਦੀਆਂ ਸਰਕਾਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਨੇ ਵੀ ਖੇਤ ਮਜ਼ਦੂਰਾਂ ਨੂੰ ਮਿੱਠਾ ਜ਼ਹਿਰ ਦੇ ਕੇ ਨਿਕੰਮੇ ਕਰ ਦਿੱਤਾ ਹੈ। ਜੱਟਾਂ ਦੇ ਮੁੰਡਿਆਂ ਨੂੰ ਵੀ ਚਿੱਟੇ ਕੱਪੜੇ ਪਾ ਕੇ ਵਿਹਲੇ ਰਹਿਣ ਦੀ ਆਦਤ ਪੈ ਗਈ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਮਜ਼ਦੂਰਾਂ ਦੀ ਆ ਰਹੀ ਘਾਟ ਤੇ ਮੌਸਮ ਦੀ ਹੁੰਦੀ ਮਾਰ ਕਾਰਨ ਵੀ ਕਿਸਾਨ ਨੇ ਕਣਕ ਦੀ ਵਾਢੀ ਦਾ ਕੰਮ ਮਸ਼ੀਨਾਂ ਸਹਾਰੇ ਛੱਡ ਦਿੱਤਾ ਹੈ। ਕਿਸਾਨੀ ਹੁਣ ਮਸ਼ੀਨਾ ਨਾਲ ਜੁੜ ਗਈ ਹੈ। ਇਸੇ ਕਰਕੇ ਹੁਣ ਕੋਈ ਵੀ ਦਾਤੀਆਂ ਨਾਲ ਵਾਢੀ ਨਹੀਂ ਕਰਦਾ। ਹੁਣ ਦਾਤੀਆਂ ਦੀ ਜਗ੍ਹਾ ਕੰਬਾਈਨਾਂ ਨੇ ਲੈ ਲਈ ਹੈ। ਕਣਕ ਦੀ ਵਾਢੀ ਹੁਣ ਕੰਬਾਇਨਾਂ ਕਰਦੀਆਂ ਹਨ। ਕਣਕ ਜਦ ਪੱਕ ਜਾਂਦੀ ਹੈ ਤਾਂ ਕੰਬਾਇਨ ਨਾਲ ਦਾਣੇ ਕਢਵਾ ਕੇ ਸਿੱਧਾ ਮੰਡੀ ਭੇਜ ਦਿੱਤੇ ਜਾਂਦੇ ਹਨ। ਦਾਤੀਆਂ ਹਾਲੇ ਵੀ ਕਿਸੇ ਕਿਸੇ ਘਰ ਤੂੜੀ ਵਾਲੇ ਕੋਠਿਆਂ 'ਚ ਪਈਆਂ ਮਿਲ ਜਾਂਦੀਆਂ ਹਨ, ਪਰ ਇਨ੍ਹਾਂ ਦੀ ਵਰਤੋਂ ਨਾ-ਮਾਤਰ ਹੀ ਹੁੰਦੀ ਹੈ। ਬਾਕੀ ਸੰਦਾਂ ਵਾਂਗ ਦਾਤੀ ਵੀ ਹੁਣ ਅਲੋਪ ਹੋ ਰਹੀ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਰਕਾਰੀ ਦਫਤਰਾਂ ’ਚ ਲੋਕਾਂ ਦੀ ਖੱਜਲ-ਖੁਆਰੀ ਬਿਲਕੁਲ ਬਰਦਾਸ਼ਤ ਨਹੀ ਕੀਤੀ ਜਾਵੇਗੀ : ਬਾਜਵਾ

**ਬਟਾਲਾ (ਨਰਿੰਦਰ ਬਰਨਾਲ)–** ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨਸੀਹਤ ਦਿੱਤੀ ਹੈ ਕਿ ਉਹ ਆਪਣੇ ਵਤੀਰੇ ’ਚ ਤਬਦੀਲੀ ਲਿਆ ਕੇ ਇਮਾਨਦਾਰੀ ਤੇ ਤਨਦੇਹੀ ਨਾਲ ਲੋਕਾਂ ਦੀ ਸੇਵਾ ਕਰਨ। ਉਹਨਾਂ ਕਿਹਾ ਕਿ ਸਰਕਾਰੀ ਦਫਤਰਾਂ ’ਚ ਲੋਕਾਂ ਦੀ ਖੱਜਲ-ਖੁਆਰੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਸੂਬੇ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਰਹਿਤ ਸਾਫ ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ ਅਤੇ ਸਰਕਾਰ ਵੱਲੋਂ ਲੋਕਾਂ ਦੀ ਸਰਕਾਰੀ ਦਫਤਰਾਂ ’ਚੋਂ ਖੱਜਲ-ਖੁਆਰੀ ਖਤਮ ਕੀਤੀ ਜਾਵੇਗੀ। ਉਹਨਾਂ ਹਦਾਇਤ ਕੀਤੀ ਕਿ ਹਰ ਸਰਕਾਰੀ ਦਫਤਰ ਤੇ ਸੰਸਥਾ ’ਚ ਸਰਕਾਰੀ ਮੁਲਾਜਮਾਂ ਦੀ 100 ਫੀਸਦੀ ਹਾਜ਼ਰੀ ਯਕੀਨੀ ਬਣਾਈ ਜਾਵੇ ਤਾਂ ਜੋ ਕੰਮ ਕਰਾਉਣ ਆਏ ਲੋਕਾਂ ਨੂੰ ਦਫਤਰਾਂ ਦੇ ਗੇੜੇ ਨਾ ਮਾਰਨੇ ਪੈਣ।



ਵਿਕਾਸ ਕਾਰਜਾਂ ਦੀ ਗੁਣਵਤਾ ਨੂੰ ਲੈ ਕੇ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਸਾਰੇ ਸਰਕਾਰੀ ਕੰਮਾਂ ’ਚ ਕੁਆਲਟੀ ਦਾ ਖਾਸ ਖਿਆਲ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਹਰ ਨਵੀਂ ਇਮਾਰਤ ਜਾਂ ਕੋਈ ਵੀ ਉਸਾਰੀ ਗੁਣਵਤਾ ਦੇ ਨਿਯਮਾਂ ’ਤੇ ਪੂਰੀ ਤਰਾਂ ਖਰੀ ਉਤਰਨੀ ਚਾਹੀਦੀ ਹੈ, ਜੇਕਰ ਅਜਿਹਾ ਨਾ ਹੋਇਆ ਤਾਂ ਭ੍ਰਿਸ਼ਟਾਚਾਰ ਕਰਨ ਵਾਲੇ ਵਿਅਕਤੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸ. ਬਾਜਵਾ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮੌਕੇ ’ਤੇ ਜਾ ਕੇ ਸਰਕਾਰੀ ਕੰਮਾਂ ਦਾ ਨਿਰੀਖਣ ਕਰਨ ਅਤੇ ਕੰਮ ਦੀ ਪ੍ਰਗਤੀ ਦੇ ਨਾਲ ਉਸਦੀ ਕੁਆਲਟੀ ਦੀ ਵੀ ਵਿਸ਼ੇਸ਼ ਤੌਰ ’ਤੇ ਜਾਂਚ ਕਰਨ।

ਕੈਬਨਿਟ ਮੰਤਰੀ ਸ. ਬਾਜਵਾ ਨੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਿੰਡਾਂ ’ਚ ਛੱਪੜਾਂ ’ਤੇ ਹੋਏ ਨਜਾਇਜ ਕਬਜਿਆਂ ਨੂੰ ਛੁਡਾਇਆ ਜਾਵੇ। ਉਹਨਾਂ ਕਿਹਾ ਕਿ ਛੱਪੜਾਂ ’ਤੇ ਹੋਏ ਨਜਾਇਜ ਕਬਜਿਆਂ ਕਾਰਨ ਪਿੰਡਾਂ ’ਚ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ ਜਿਸਨੂੰ ਰੋਕਣ ਲਈ ਵਿਭਾਗ ਨੂੰ ਬਿਨਾਂ ਦੇਰੀ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਛੱਪੜਾਂ ਦੁਆਲੇ ਚਾਰ ਦੀਵਾਰੀ ਕਰਕੇ ਨਜਾਇਜ ਕਬਜੇ ਰੋਕੇ ਜਾਣ।

ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਕਾਂਗਰਸ ਪਾਰਟੀ ਨੇ ਚੋਣਾਂ ਦੌਰਾਨ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਹਨ ਉਨ•ਾਂ ਨੂੰ ਪੂਰਿਆਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਸੂਬੇ ’ਚੋਂ ਨਸ਼ੇ ਖਤਮ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸਦੇ ਹਾਂ ਪੱਖੀ ਨਤੀਜੇ ਦੇਖਣ ਨੂੰ ਮਿਲ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾ ਕੇ ਉਹਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਦੇਣਾ ਹੈ।

# ਕੌਮੀ ਸੰਕਟ ’ਚੋਂ ਨਿਕਲਣ ਲਈ ਪੰਥਕ ਏਕਤਾ ਜ਼ਰੂਰੀ-ਬਾਬਾ ਬੇਦੀ

**ਜਲੰਧਰ–** ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਗੁਰੂ ਨਾਨਕ ਵੰਸ਼ਜ਼ ਪੀੜੀ 17ਵੀਂ ਨੇ ਮੌਜੂਦਾ ਹਾਲਾਤਾਂ ’ਤੇ ਚਰਚਾ ਕਰਦਿਆਂ ਕਿਹਾ ਕਿ ਉਹ ਕਿਸੇ ਰਾਜਸੀ ਧੜੇ ਨਾਲ ਨਹੀਂ ਜੁੜੇ ਹੋਏ। ਉਨ੍ਹਾਂ ਦਾ ਇੱਕੋ ਇੱਕ ਨਿਸ਼ਾਨਾ ਆਪਣੇ ਬਜ਼ੁਰਗਾਂ ਬਾਬਾ ਸਾਹਿਬ ਸਿੰਘ ਬੇਦੀ ਜਿਨ੍ਹਾਂ ਨੇ ਸਿੱਖ ਮਿਸਲਾਂ ਵਿਚ ਏਕਤਾ ਕਰਵਾ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਤਿਲਕ ਕਰਵਾ ਕੇ ਖਾਲਸਾ ਰਾਜ ਦੀ ਸਿਰਜਣਾ ਕਰਵਾਈ ਸੀ, ਦੇ ਅਨੁਸਾਰ ਪੰਥਕ ਏਕਤਾ ਲਿਆ ਕੇ ਪੰਥ ਨੂੰ ਚੜ੍ਹਦੀ ਕਲਾ ਵਲ ਲਿਜਾਉਣਾ ਹੈ। ਬਾਬਾ ਬੇਦੀ ਨੇ ਕਿਹਾ ਕਿ ਜੇਕਰ ਸਮੁੱਚੀਆਂ ਪੰਥਕ ਧਿਰਾਂ ਇਸ ਕਾਰਜ ਵਿਚ ਯੋਗਦਾਨ ਨੇਪਰੇ ਚਾੜ੍ਹਨਾ ਚਾਹੁੰਦੀਆਂ ਹਨ ਤੇ ਉਨ੍ਹਾਂ ਨੂੰ ਸਾਲਸੀ ਬਨਾਉਣਾ ਚਾਹੁੰਦੀਆਂ ਹਨ ਤਾਂ ਉਹ ਇਸ ਬਾਰੇ ਸੋਚ ਸਕਦੇ ਹਨ।



ਉਨ੍ਹਾਂ ਕਿਹਾ ਕਿ ਮਨਸੂਰਾਂ ਵਿਖੇ ਬੁਲਾਈ ਮੀ-ਟਿੰਗ ਪੰਥਕ ਧਿਰਾਂ ਨੇ ਆਪ ਬੁਲਾਈ ਹੈ। ਇਸ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਪਰ ਫਿਰ ਵੀ ਉਹ ਉਨ੍ਹਾਂ ਪੰਥਕ ਜਥੇਬੰਦੀਆਂ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਦਮਦਮੀ ਟਕਸਾਲ, ਅਖੰਡ ਕੀਰਤਨੀ ਜੱਥਾ, ਸਿੱਖ ਮਿਸ਼ਨਰੀ ਕਾਲਜ ਤੇ ਸੰਤ ਮਹਾਂ-ਪੁਰਖਾਂ ਤੇ ਸਭ ਪੰਥਕ ਜਥੇਬੰਦੀਆਂ ਨੂੰ ਇਸ ਸੰਬੰਧ ਵਿਚ ਰਲ ਕੇ ਉਪਰਾਲਾ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਦਸਮ ਗ੍ਰੰਥ, ਰਹਿਤ ਮਰਿਯਾਦਾ, ਨਾਨਕਸ਼ਾਹੀ ਕੈਲੰਡਰ, ਸਿੱਖ ਇਤਿਹਾਸ ਦੇ ਵਾਦ-ਵਿਵਾਦ ਮੱਸਲੇ ਅਜਿਹੇ ਹਨ, ਜੋ ਸਿੱਖ ਪੰਥ ਵਿਚ ਏਕਤਾ ਵਿਚ ਰੁਕਾਵਟ ਬਣ ਰਹੇ ਹਨ। ਇਸ ਬਾਰੇ ਕਿਸੇ ਵੀ ਪੰਥਕ ਧਿਰ ਨੂੰ ਵਾਦ ਵਿਵਾਦ ਨਹੀਂ ਖੜਾ ਕਰਨਾ ਚਾਹੀਦਾ। ਸਾਡਾ ਨਿਸ਼ਾਨਾ ਸਿਰਫ ਤੇ ਸਿਰਫ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਸਰਬੱਤ ਦੇ ਭਲੇ ਅਤੇ 'ਹਲੇਮੀ ਰਾਜ' ਨੂੰ ਪ੍ਰਮੁੱਖ ਰੱਖ ਕੇ ਪੰਥ ਤੇ ਪੰਜਾਬ ਦੇ ਵਿਕਾਸ ਦਾ ਹੋਣਾ ਚਾਹੀਦਾ ਹੈ।

ਬਾਬਾ ਬੇਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਰਾਜਨੀਤਕ ਜਮਾਤ ਹੈ, ਪਰ ਉਸ ਉਪਰ ਪਰਿਵਾਰਵਾਦ ਹਾਵੀ ਹੋਣ ਕਰਕੇ ਤੇ ਸੱਤਾ ਦੀ ਸੋਚ ਹੋਣ ਕਰਕੇ ਪੰਥ ਤੋਂ ਦੂਰ ਹੋ ਗਈ।

ਇਸ ਦੀ ਪੁਨਰ ਜਾਗ੍ਰਿਤੀ ਲਈ ਸਾਨੂੰ ਆਪਣੇ ਬਜ਼ੁਰਗਾਂ ਵੱਲੋਂ ਸਿਰਜੇ 1920 ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤ ’ਤੇ ਖੜਾ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਨਸ਼ੇ, ਬੇਰੁਜ਼ਗਾਰੀ ਤੇ ਵਿਦਿਆ ਦੀ ਘਾਟ ਕਾਰਨ ਸਿੱਖ ਪੰਥ ਦੀ ਨੌਜਵਾਨ ਪੀੜ੍ਹੀ ਸੰਤਾਪ ਭੋਗ ਰਹੀ ਹੈ। ਇਸ ਸੰਬੰਧ ਵਿਚ ਸਾਨੂੰ ਸਿੰਘ ਸਭਾ ਲਹਿਰ ਵਾਂਗ ਰੁਜ਼ਗਾਰ ਤੇ ਵਿਦਿਅਕ ਸਹੂਲਤਾਂ ਪੈਦਾ ਕਰਨੀਆਂ ਹੋਣਗੀਆਂ।

ਉਨ੍ਹਾਂ ਕਿਹਾ ਕਿ ਜੇਕਰ ਅਸੀਂ ਵੱਡੇ ਯੋਗ ਅਫ਼ਸਰ, ਇੰਜੀਨੀਅਰ, ਡਾਕਟਰ ਤੇ ਬਿਉਰੋਕ੍ਰੇਟ ਪੈਦਾ ਕਰ ਸਕੀਏ ਤਾਂ ਇਹ ਸਾਡੀ ਪੰਥ ਨੂੰ ਵੱਡੀ ਦੇਣ ਹੋਵੇਗੀ। ਇਸ ਤੋਂ ਬਿਨਾਂ ਕੌਮ ਦੀ ਤਰੱਕੀ ਹੋਣੀ ਅਸੰਭਵ ਹੈ। ਇਸ ਸੰਬੰਧ ਵਿਚ ਸਾਨੂੰ ਸੋਚ ਵਿਚਾਰ ਕੇ ਵਿਸ਼ਾਲ ਆਧੁਨਿਕ ਐਜੂਕੇਸ਼ਨ ਸੈਂਟਰ ਖੋਲ੍ਹਣਗੇ ਹੋਣਗੇ।

**ਬਾਬਾ ਸਰਬਜੋਤ ਸਿੰਘ ਬੇਦੀ ਦਾ ਫੋਨ 09316982661**

# ਫਗਵਾੜਾ ’ਚ ਰਨ ਫਾਰ ਅੰਬੇਡਕਰ ਦੌੜ ਦਾ ਆਯੋਜਨ

## ਨੌਜਵਾਨਾਂ ਨੂੰ ਬਾਬਾ ਸਾਹਿਬ ਦੇ ਮਿਸ਼ਨ ਨਾਲ ਜੋੜਨਾ ਉਦੇਸ਼ - ਸੁਮਨ

**ਫਗਵਾੜਾ (ਰੱਤੂ)–** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ 126ਵੇਂ ਜਨਮ ਦਿਵਸ ਨੂੰ ਸਮਰਪਿਤ ਰਨ ਫਾਰ ਅੰਬੇਡਕਰ ਦੌੜ ਦਾ ਆਯੋਜਨ ਕੀਤਾ ਗਿਆ। ਸਥਾਨਕ ਹਰਗੋਬਿੰਦ ਨਗਰ ਸਥਿਤ ਡਾ. ਬੀ.ਆਰ. ਅੰਬੇਡਕਰ ਪਾਰਕ ਤੋਂ ਸ਼ੁਰੂ ਹੋ ਕੇ ਇਹ ਦੌੜ ਜੀ.ਟੀ. ਰੋਡ ਸ਼ੁਗਰ ਮਿਲ ਚੌਕ ਤੋਂ



ਵਾਪਸ ਸਿਨੇਮਾ ਰੋਡ, ਬੰਗਾ ਰੋਡ ਗਾਂਧੀ ਚੌਕ, ਮੰਡੀ ਰੋਡ, ਸੈਂਟਰਲ ਟਾਊਨ ਤੋਂ ਹੁੰਦੀ ਹੋਈ ਵਾਪਸ ਪਾਰਕ ਵਿਖੇ ਸਮਾਪਤ ਹੋਈ। ਸੈਨਾ ਦੇ ਸੂਬਾ ਪ੍ਰਧਾਨ ਹਰਭਜਨ ਸੁਮਨ ਨੇ ਦੱਸਿਆ ਕਿ ਫਗਵਾੜਾ ਵਿਚ ਦੂਸਰੀ ਵਾਰ ਇਹ ਦੌੜ ਆਯੋਜਿਤ ਕੀਤੀ ਗਈ ਹੈ। ਜਿਸਦਾ ਮਕਸਦ ਬਾਬਾ ਸਾਹਿਬ ਦੇ ਮਿਸ਼ਨ ਬਾਰੇ ਨੌਜਵਾਨਾਂ ਨੂੰ ਜਾਗਰੁਕ ਕਰਨਾ ਹੈ। ਰਨ ਫਾਰ ਅੰਬੇਡਕਰ ਦੀ ਮੁੱਖ ਖਿੱਚ ਦਾ ਕੇਂਦਰ ਭਾਗ ਲੈਣ ਵਾਲੇ ਨੌਜਵਾਨ ਦੀਆਂ ਬਾਬਾ ਸਾਹਿਬ ਦੀ ਤਸਵੀਰ ਵਾਲੀਆਂ ਟੀ-ਸ਼ਰਟਾਂ ਸਨ। ਦੌੜ ਵਿਚ 'ਆਪ' ਆਗੂ ਜਰਨੈਲ ਨੰਗਲ, ਬਲਵਿੰਦਰ ਬੋਧ, ਪਰਮਿੰਦਰ ਬੋਧ, ਜਸਵਿੰਦਰ ਬੋਧ, ਕਮਲ ਬੱਧਣ, ਕੰਮੀ ਪਹਿਲਵਾਨ, ਸੰਦੀਪ ਕੁਮਾਰ, ਜੋਨ ਬੋਧ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਹਿੱਸਾ ਲਿਆ।

# ਬਰਤਾਨਵੀ ਫੌਜ ਅਤੇ ਸਿੱਖਾਂ ਦਰਮਿਆਨ ਇਤਿਹਾਸਕ ‘ਆਰਮਡ ਫੋਰਸਜ਼ ਕਾਵੀਨੈਂਟ’ ਸਮਝੌਤਾ

**ਲੈਸਟਰ–** ਬਰਤਾਨੀਆ ਫੌਜ ਨੇ ਇੱਥੋਂ ਦੇ ਸਿੱਖਾਂ ਨਾਲ ’ਆਰਮਡ ਫੋਰਸਜ਼ ਕਾਵੀਨੈਂਟ’ ਨਾਮੀ ਇਤਿਹਾਸਕ ਸਮਝੌਤਾ ਕੀਤਾ ਹੈ। ਇਹ ਇਕਰਾਰ ਡਿਫੈਂਸ ਸਕੱਤਰ ਮਾਈਕਲ ਫਾਲਨ ਨੇ ਪੇਸ਼ ਕੀਤਾ।

ਇਸ ਸਮਝੌਤੇ ਨਾਲ ਸਿੱਖ ਭਾਈਚਾਰੇ ਤੇ ਬਰਤਾਨਵੀ ਵਿਚਕਾਰ ਰਿਸ਼ਤੇ ਮਜ਼ਬੂਤ ਹੋਣ ਦੀ ਉਮੀਦ ਬੱਝੀ ਹੈ। ਬੀਤੇ ਦਿਨੀਂ ਵਿਸਾਖੀ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਇਸ ਸਮਝੌਤੇ ’ਤੇ ਦੋਵਾ ਧਿਰਾਂ ਵੱਲੋਂ ਹਸਤਾਖਰ ਕੀਤੇ ਗਏ।

ਮਾਈਕਲ ਫਾਲਨ ਨੇ ਕਿਹਾ ਕਿ ਵੱਖ-ਵੱਖ ਸਿਪਾਹਿਆਂ ਦੇ ਮਿਸ਼ਰਨਵਾਲੀ ਫੌਜ ਹੀ ਤਾਕਤਵਰ ਫੌਜ ਹੁੰਦੀ ਹੈ ਤੇ ਸਾਡੇ ਦਰਮਿਆਨ ਕੀਤਾ ਗਿਆ ਇਹ ਸਮਝੌਤਾ ਬ੍ਰਿਟਿਸ਼ ਫੌਜ ਦੇ ਚੰਗੇ ਪ੍ਰਦਰਸ਼ਨ ਦਾ ਸਬੂਤ ਦੇਵੇਗਾ। ਉਨ੍ਹਾਂ ਕਿਹਾ ਕਿ ਵਿਸ਼ਵ ਦੇ ਇਤਿਹਾਸ ਦੀਆਂ ਜੰਗੀ ਸੇਵਾਵਾਂ ਵਿਚ ਸਿੱਖਾਂ ਦਾ ਯੋਗਦਾਨ ਬਹੁਤ ਸ਼ਾਨਦਾਰ ਹੈ। ਸਾਰਾਗੜੀ ਦੀ ਜੰਗ ਤੋਂ ਲੈ ਕੇ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਸਿੱਖ ਫ਼ੌਜ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਸਿੱਖ ਉਸ ਵੇਲੇ ਬਰਤਾਨੀਆ ਲਈ ਲੜੇ ਸਨ। ਅਸੀਂ ਆਪਣੇ ਪੁਰਾਣੇ ਰਿਸ਼ਤਿਆਂ ਵਾਂਗ ਹੁਣ ਵੀ ਸਿੱਖ ਭਾਈਚਾਰੇ ਨਾਲ ਰਿਸ਼ਤਿਆਂ ਨੂੰ ਮਜ਼ਬੂਤ ਕਰਦੇ ਹੋਏ ਸਿੱਖਾਂ ਦੇ ਜੁਝਾਰੂਪਣ ਦਾ ਲਾਹਾ ਲੈ ਸਕਦੇ ਹਾਂ। ਜਾਣਕਾਰੀ ਮੁਤਾਬਕ ਮੌਜੂਦਾ ਸਮੇਂ ਬ੍ਰਿਟਿਸ਼ ਦੀ ਰਾਇਲ ਨੇਵੀ, ਫੌਜ ਤੇ ਰਾਇਲ ਏਅਰ ਫੋਰਸ ਵਿਚ ਤਕਰੀਬਨ 170 ਸਿੱਖ ਆਪਣੀਆਂ ਸੇਵਾਵਾ ਨਿਭਾਅ ਰਹੇ ਹਨ।

# ਸੰਤ ਸੀਚੇਵਾਲ ਸਮੇਤ 39 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰ

**(ਸਫਾ 1 ਦੀ ਬਾਕੀ)**

ਤੇ ਨਾਮਵਰ ਗਾਇਨਾਕੋਲਜਿਸ਼ਟ ਭਕਤੀ ਯਾਦਵ, ਐਮਐਮ ਗੋਡਵਿਲੇ, ਫਰੈਂਚ ਇਤਿਹਾਸਕਾਰ ਮਿਸ਼ੇਲ ਦਨੀਨੋ ਆਦਿ ਸ਼ਾਮਿਲ ਹਨ। ਅੱਜ 44 ਪਦਮ ਪੁਰਸਕਾਰ ਦਿੱਤੇ ਜਾਣੇ ਸਨ ਪਰ ਸਮਾਗਮ ’ਚ 5 ਹਸਤੀਆਂ ਹਾਜ਼ਰ ਨਹੀਂ ਹੋ ਸਕੀਆਂ । ਇਸ ਸਾਲ ਕੁਲ 89 ਹਸਤੀਆਂ ਨੂੰ ਪਦਮ ਪੁਰਸਕਾਰ ਦਿੱਤੇ ਜਾਣੇ ਹਨ, ਜਿਨ੍ਹਾਂ ’ਚ 19 ਔਰਤਾਂ ਤੇ 5 ਵਿਦੇਸ਼ਾਂ ਨਾਲ ਸੰਬੰਧਿਤ ਹਨ ਸ਼ਾਮਿਲ ਹਨ । ਇਸ ਸਾਲ 7 ਪਦਮ ਵਿਭੂਸ਼ਣ, 7 ਪਦਮ ਭੂਸ਼ਣ ਤੇ 75 ਪਦਮਸ੍ਰੀ ਦਿੱਤੇ ਜਾਣੇ ਹਨ, 13 ਅਪ੍ਰੈਲ ਨੂੰ ਬਾਕੀ ਰਹਿੰਦੇ ਪਦਮ ਪੁਰਸਕਾਰ ਦਿੱਤੇ ਜਾਣਗੇ।

# ਪੰਜਾਬ ਸਰਕਾਰ ਦਾ ਮਾਲੀ ਸੰਕਟ ਹੋਇਆ ਗੰਭੀਰ

**(ਸਫਾ 1 ਦੀ ਬਾਕੀ)**

ਅਖ਼ੀਰਲੇ ਛੇ ਮਹੀਨਿਆਂ ਦੇ ਫ਼ੈਸਲਿਆਂ ’ਤੇ ਨਜ਼ਰਸਾਨੀ ਕਰਨ ਦੇ ਦਾਅਵੇ ਕਰਦੇ ਆ ਰਹੇ ਹਨ ਪਰ ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਰਾਜ ਦੇ ਖਜ਼ਾਨਾ ਦਫ਼ਤਰਾਂ ’ਤੇ ਲਾਈ ਅਣਐਲਾਨੀ ਰੋਕ ਨੂੰ ਅੱਜ ਤਕ ਵੀ ਖ਼ਤਮ ਨਹੀਂ ਕਰ ਸਕੇ। ਉਲਟਾ ਮੌਜੂਦਾ ਸਰਕਾਰ ਵਿੱਤੀ ਸੰਕਟ ਵਿੱਚ ਘਿਰੀ ਹੋਣ ਕਰਕੇ ਇਹ ਅਣਐਲਾਨੀ ਰੋਕ ਚੁੱਪ-ਚੁਪੀਤੇ ਬਰਕਰਾਰ ਰੱਖ ਰਹੀ ਹੈ। ਵਿੱਤ ਵਿਭਾਗ ਦੇ ਸੂਤਰਾਂ ਅਨੁਸਾਰ ਅੱਜ ਵੀ ਖਜ਼ਾਨਾ ਦਫ਼ਤਰਾਂ ਵਿੱਚ ਸੇਵਾਮੁਕਤ ਮੁਲਾਜ਼ਮਾਂ ਦੀ ਐਕਸਗ੍ਰੇਸ਼ੀਆ, ਗਰੈਚੁਇਟੀ, ਲਿਵ ਐਨਕੈਸ਼ਮੈਂਟ ਤੇ ਜੀਆਈਐਸ ਦੇ ਬਿੱਲਾਂ ਦੇ ਨਾਲ ਡੈੱਥ ਗਰੈਚੁਇਟੀ ਦੇ ਬਿੱਲ 20 ਜਨਵਰੀ ਤੋਂ ਪੈਂਡਿੰਗ ਹਨ। ਇਸ ਤੋਂ ਇਲਾਵਾ ਜੀਪੀਐਫ ਐਡਵਾਂਸ ਅਤੇ ਜੀਪੀਐਫ ਦੀਆਂ ਫਾਈਨਲ ਅਦਾਇਗੀਆਂ ਵੀ 17 ਫਰਵਰੀ ਤੋਂ ਠੰਢੇ ਬਸਤੇ ਵਿੱਚ ਪਈਆਂ ਹਨ।

ਕੈਪਟਨ ਸਰਕਾਰ ਅਨਾਜ ਦੇ 31000 ਕਰੋੜ ਰੁਪਏ ਨੂੰ ਕਰਜ਼ੇ ਵਿਚ ਬਦਲੇ ਜਾਣ ਦਾ ਮੁੱਦਾ ਜ਼ੋਰ-ਸ਼ੋਰ ਨਾਲ ਕੇਂਦਰ ਸਰਕਾਰ ਕੋਲ ਉਠਾਏਗੀ ਤੇ ਇਸ ਦਾ ਫ਼ੈਸਲਾ ’ਸਾਲਸੀ’ (ਆਰਬਿਟਰੇਸ਼ਨ) ਰਾਹੀਂ ਕਰਵਾਉਣ ’ਤੇ ਜ਼ੋਰ ਦੇਵੇਗੀ। ਪੰਜਾਬ ਦਾ ਤਰਕ ਹੈ ਕਿ ਉਸ ਨੇ ਅਨਾਜ ਕੇਂਦਰ ਲਈ ਖ਼ਰੀਦਿਆ ਹੈ ਤੇ ਜੇ ਖ਼ਾਤੇ ਮਿਲਾਉਣ ਵਿਚ ਕੋਈ ਕੋਤਾਹੀ ਰਹਿ ਗਈ ਹੈ, ਤਾਂ ਉਸ ’ਤੇ 11 ਫੀਸਦੀ ਵਿਆਜ ਲਾਉਣਾ ਵਾਜਬ ਨਹੀਂ ਹੈ।

ਅਨਾਜ ਦੀ ਅਸਲ ਰਕਮ ਤਾਂ 12000 ਕਰੋੜ ਰੁਪਏ ਦੇ ਕਰੀਬ ਹੈ ਪਰ ਇਸ ’ਤੇ ਵਿਆਜ 18000 ਕਰੋੜ ਰੁਪਏ ਤੋਂ ਵੱਧ ਲਾ ਦਿੱਤਾ ਗਿਆ ਹੈ। ਪੰਜਾਬ ਦੀ ਦਲੀਲ ਹੈ ਕਿ ਇਕ ਪਾਸੇ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ ਕਰ ਰਹੀ ਹੈ ਤੇ ਦੂਜੇ ਪਾਸੇ ਕੇਂਦਰੀ ਭੰਡਾਰ ਵਿਚ 40 ਫੀਸਦੀ ਤੋਂ ਵੱਧ ਅਨਾਜ ਦੇਣ ਵਾਲੇ ਸੂਬੇ ਤੋਂ ਸ਼ਾਹੂਕਾਰਾ ਵਿਆਜ ਵਸੂਲਿਆ ਜਾ ਰਿਹਾ ਹੈ। ਇਸ ਮੁਤਾਬਕ ਪਿਛਲੀ ਅਕਾਲੀ-ਭਾਜਪਾ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਖ਼ਾਤੇ ਕਲੀਅਰ ਕਰਦੀ ਤੇ ਇਸ ਰਕਮ ਨੂੰ ਕਰਜ਼ੇ ਵਿਚ ਬਦਲਣ ਲਈ ਸਹਿਮਤੀ ਨਾ ਦਿੰਦੀ। ਗ਼ੌਰਤਲਬ ਹੈ ਕਿ ਰਾਜ ਹਰੇਕ ਮਹੀਨੇ ਇਹ ਮਿਆਦੀ ਕਰਜ਼ ਮੋੜਨ ਲਈ ਪੌਣੇ ਤਿੰਨ ਸੌ ਕਰੋੜ ਰੁਪਏ ਅਦਾ ਕਰਦਾ ਹੈ ਤੇ ਹੁਣ ਤਕ ਤਿੰਨ ਕਿਸ਼ਤਾਂ ਦੇ ਚੁੱਕੀ ਹੈ। ਇਸ ਦੇ ਬਾਵਜੂਦ ਕੈਸ਼ ਕਰੈਡਿਟ ਲਿਮਿਟ ਨੂੰ ਕਲੀਅਰ ਕਰਨ ਲਈ ਅੜਿੱਕੇ ਡਾਹੇ ਜਾ ਰਹੇ ਹਨ। ਕੈਸ਼ ਕਰੈਡਿਟ ਲਿਮਿਟ ਕਲੀਅਰ ਕਰਵਾਉਣ ਦੀ ਜ਼ਿੰਮੇਵਾਰੀ ਵਿੱਤ ਸਕੱਤਰ ਅਨਿਰੁੱਧ ਤਿਵਾੜੀ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ 31000 ਕਰੋੜ ਰੁਪਏ ਦੇ ਕਰਜ਼ੇ ਦਾ ਮਾਮਲਾ ਪੂਰੇ ਜ਼ੋਰ ਨਾਲ ਕੇਂਦਰ ਕੋਲ ਉਠਾਏਗੀ ਤੇ ਇਸ ਦੇ ਹੱਲ ਲਈ ’ਸਾਲਸ’ ਨਿਯੁਕਤ ਕਰਨ ਦੀ ਮੰਗ ਕਰੇਗੀ। ਜੇ ਗੱਲ ਨਾ ਬਣੀ ਤਾਂ ਸਰਕਾਰ ਅਦਾਲਤ ਵਿਚ ਜਾਣ ਬਾਰੇ ਵੀ ਗੌਰ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਣਕ ਅਤੇ ਝੋਨੇ ਦੀ ਖੇਤੀ ਅਤੇ ਖ਼ਰੀਦ ਕੇਂਦਰੀ ਭੰਡਾਰ ਲਈ ਕਰਦਾ ਹੈ, ਜੇ ਕੇਂਦਰ ਅਨਾਜ ਨਹੀਂ ਲੈਣਾ ਚਾਹੁੰਦਾ ਤਾਂ ਉਹ ਸੂਬੇ ਨੂੰ ਸਾਲ ਪਹਿਲਾਂ ਦੱਸ ਦੇਵੇ ਤਾਂ ਕਿ ਰਾਜ ਸਰਕਾਰ ਆਪਣੇ ਕਿਸਾਨਾਂ ਨੂੰ ਫਸਲੀ ਚੱਕਰ ਬਦਲਣ ਆਖ ਸਕੇ।

# ਕਿਸ ਦੇ ਸਿਰ ‘ਤੇ ਸਜੇਗਾ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਤਾਜ?

**ਚੰਡੀਗੜ੍ਹ–** ਜਾਣਕਾਰ ਕਾਂਗਰਸੀ ਹਲਕਿਆਂ ਨੇ ਪ੍ਰਗਟਾਵਾ ਕੀਤਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਿਕਟ ਭਵਿੱਖ ਵਿਚ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਸਕਦੇ ਹਨ, ਕਿਉਂਕਿ ਰਾਜ ਸਰਕਾਰ ਦੀ ਕਮਾਂਡ ਸੰਭਾਲਣ ਕਾਰਨ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਕਾਫ਼ੀ ਵੱਧ ਗਈਆਂ ਹਨ। ਪਹਿਲਾਂ ਸਮਝਿਆ ਜਾ ਰਿਹਾ ਸੀ ਕਿ ਪਾਰਟੀ ਦੀ ਪ੍ਰਧਾਨਗੀ ਸੀਨੀਅਰ ਮੀਤ ਪ੍ਰਧਾਨ ਲਾਲ ਸਿੰਘ ਨੂੰ ਇਹ ਅਹੁਦਾ ਸੌਂਪਿਆ ਜਾ ਸਕਦਾ ਹੈ ਪਰ ਲੱਗਦਾ ਹੈ ਕਿ ਹੁਣ ਪ੍ਰਧਾਨਗੀ ਦਾ ਤਾਜ ਸੁਨੀਲ ਜਾਖੜ ਦੇ ਸਿਰ ’ਤੇ ਸਜਾਇਆ ਜਾ ਸਕਦਾ ਹੈ । ਉਂਜ ਵੀ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਪ੍ਰਧਾਨਗੀ ਕਿਸੇ ਗੈਰ ਸਿੱਖ ਨੇਤਾ ਨੂੰ ਸਾਪੀ ਜਾਏ ਇਸ ਸਮੇਂ ਪਾਰਟੀ ਜਥੇਬੰਦੀ ਵਿਚ ਕੈਪਟਨ ਅਮਰਿੰਦਰ ਸਿੰਘ ਤੋਂ ਨੰਬਰ 2 ਦਾ ਨੇਤਾ ਸ੍ਰੀ ਜਾਖੜ ਮੰਨੇ ਜਾਂਦੇ ਹਨ । ਇੱਕ ਤਾਂ ਉਹ ਗੈਰ ਸਿੱਖ ਹਨ ਤੇ ਦੂਜਾ ਉਨ੍ਹਾਂ ਦੀ ਗਿਣਤੀ ਜਚੇ ਤੁਲੇ ਤੇ ਸੁਲਝੇ ਹੋਏ ਕਿਸਾਨ ਨੇਤਾਵਾਂ ਵਿਚ ਕੀਤੀ ਜਾਂਦੀ ਹੈ । ਕਾਂਗਰਸ ਹਾਈ ਕਮਾਂਡ ਵੀ ਉਨ੍ਹਾਂ ਪ੍ਰਤੀ ਨਰਮ ਗੋਸ਼ਾ ਰੱਖਦੀ ਹੈ । ਉਨ੍ਹਾਂ ਦੇ ਪਾਰਟੀ ਦੀ ਕਮਾਂਡ ਸੰਭਾਲਣ ਤੋਂ ਪਿੱਛੋਂ ਜਥੇਬੰਦੀ ਨੂੰ ਨਵੀਂ ਰੂਪ ਰੇਖਾ ਵੀ ਦਿੱਤੇ ਜਾਣ ਦਾ ਰਾਸਤਾ ਸਾਫ਼ ਹੋ ਜਾਏਗਾ, ਕਿਉਂਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੁਕੰਮਲ ਹੋਣ ਤੇ ਕਈ ਕਾਂਗਰਸੀ ਨੇਤਾਵਾਂ ਦੇ ਮੰਤਰੀ ਬਣ ਜਾਣ ਨਾਲ ਪਾਰਟੀ ’ਚ ਕੁਝ ਨਾ ਕੁਝ ਅਹੁਦੇ ਖ਼ਾਲੀ ਹੋਣ ਵਾਲੇ ਹਨ ।



ਇਕ ਸੁਝਾਅ ਇਹ ਵੀ ਦਿੱਤਾ ਜਾ ਰਿਹਾ ਹੈ ਕਿ ਪ੍ਰਧਾਨਗੀ ਕਿਸੇ ਦਲਿਤ ਕਾਂਗਰਸੀ ਨੇਤਾ ਨੂੰ ਸੰਭਾਲੀ ਜਾਏ । ਨਿਕਟ ਭਵਿੱਖ ਵਿਚ ਤਸਵੀਰ ਸਪੱਸ਼ਟ ਹੋ ਜਾਣ ਦੀ ਸੰਭਾਵਨਾ ਹੈ । ਇਸ ਦੌਰਾਨ ਲਾਲ ਸਿੰਘ ਵਲੋਂ ਪੰਜਾਬ ਮੰਡੀ ਬੋਰਡ ਦੀ ਚੇਅਰਮੈਨੀ ਸੰਭਾਲ ਲੈਣ ਤੋਂ ਬਾਅਦ ਸੁਨੀਲ ਜਾਖੜ ਲਈ ਪੰਜਾਬ ਕਾਂਗਰਸ ਦੇ ਅਹੁਦੇ ਤੱਕ ਪੁਤਜਣ ਲਈ ਹੋਰ ਵੀ ਰਾਹ ਪੱਧਰਾ ਹੋ ਗਿਆ ਹੈ।

# ਬਾਬਾ ਭਗਤ ਸਿੰਘ ਬਿਲਗਾ ਦੇ 110ਵੇਂ ਜਨਮ ਦਿਨ ਮੌਕੇ ਉਹਨਾਂ ਦੇ ਜੀਵਨ-ਸੰਗਰਾਮ ਦੇ ਬਹੁ-ਪੱਖਾਂ ਉਪਰ ਗੰਭੀਰ ਚਰਚਾ ਹੋਈ

ਜਲੰਧਰ- ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਆਯੋਜਿਤ ਬਾਬਾ ਭਗਤ ਸਿੰਘ ਬਿਲਗਾ ਜਨਮ ਦਿਵਸ ਸਮਾਗਮ ਮੌਕੇ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ, ਪਰਿਵਾਰ ਵਲੋਂ ਕੁਲਬੀਰ ਸਿੰਘ ਸੰਘੇੜਾ ਅਤੇ ਬਲਬੀਰ ਸਿੰਘ ਸੰਘੇੜਾ, ਬਾਬਾ ਭਗਤ ਸਿੰਘ ਬਿਲਗਾ ਸੰਬੰਧੀ ਪਰਚਾ ਪੇਸ਼ ਕਰਤਾ ਪ੍ਰੋ: ਨਿਰਮਲਜੀਤ ਕੌਰ ਅਤੇ ਮੰਚ ਸੰਚਾਲਕ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਮੰਚ ’ਤੇ ਸ਼ਸ਼ੋਭਤ ਸਨ। ਸਮਾਗਮ ਦਾ ਆਗਾਜ਼ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਵਲੋਂ ਬਾਬਾ ਭਗਤ ਸਿੰਘ ਬਿਲਗਾ ਨਾਲ ਬਤਾਏ ਲੰਮੇ ਅਰਸੇ ਦੀਆਂ ਯਾਦਾਂ ਸਾਂਝੀਆਂ ਕਰਨ ਨਾਲ ਹੋਇਆ। ਉਹਨਾਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਨੂੰ ਅਜੋਕੇ ਮੁਕਾਮ ’ਤੇ ਪਹੁੰਚਾਉਣ ਅਤੇ 'ਮੇਲਾ ਗ਼ਦਰੀ ਬਾਬਿਆਂ ਦਾ’ ਸੰਬੰਧੀ ਉਹਨਾਂ ਦੀ ਅਗਵਾਈ ਸਦਕਾ ਗ਼ਦਰ ਲਹਿਰ ਦੇ ਅਣਫੋਲੇ ਵਰਕੇ ਲੋਕ ਨਜ਼ਰਾਂ ਵਿੱਚ ਆਏ ਹਨ।

ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪ੍ਰੋ. ਨਿਰਮਲਜੀਤ ਕੌਰ ਵਲੋਂ ਪੇਸ਼ ਪਰਚੇ ’ਚ ਬਾਬਾ ਬਿਲਗਾ ਦੀ ਸਮਝ, ਸੋਚ, ਇਤਿਹਾਸ, ਸਾਹਿਤਕ ਮਨ, ਅਰੁਕ ਅਤੇ ਆਮੁਕ ਸਫ਼ਰ ਦੇ ਸਿਪਾਹੀ, ਲੇਖਕ ਆਦਿ ਅਨੇਕਾਂ ਪੱਖਾਂ ਉਪਰ ਰੌਸ਼ਨੀ ਪਾਈ। ਉਹਨਾਂ ਉਭਰਵੇਂ ਅੰਦਾਜ਼ ਵਿੱਚ ਪਰਚੇ ਰਾਹੀਂ ਨੁਕਤਾ ਉਭਾਰਿਆ ਕਿ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦੀ ਅਸਲੀ ਆਜ਼ਾਦੀ ਅਜੇ ਨਹੀਂ ਮਿਲੀ। ਇਸ ਲਈ ਲੋਕਾਂ ਨੂੰ ਸੰਗਰਾਮ ਜਾਰੀ ਰੱਖਣ ਦੀ ਲੋੜ ਹੈ। ਆਈ. ਡਬਲਿਊ.ਏ. (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਹਰਭਜਨ ਸਿੰਘ ਦਰਦੀ ਨੇ ਭਾਰਤ ਅਤੇ ਇੰਗ- ਲੈਂਡ ਦੀਆਂ ਜਥੇਬੰਦੀਆਂ ਅਤੇ ਸਰਗਰਮੀਆਂ ਦਰਮਿਆਨ ਪੁਲ ਦੀ ਭੂਮਿਕਾ ਅਦਾ ਕਰਨ ਵਾਲੇ ਭਗਤ ਸਿੰਘ ਬਿਲਗਾ ਦੀ ਅਦੁੱਤੀ ਦੇਣ ਨੂੰ ਸਿਜਦਾ ਕੀਤਾ। ਉਹਨਾਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਅੰਦਰ ਵੱਖ ਵੱਖ ਹਾਲ ਉਸਾਰਨ ਅਤੇ ਹੋਰ ਸਰਗਰਮੀਆਂ ਵਿੱਚ ਯੋਗਦਾਨ ਪਾਉਣ ’ਚ ਭਗਤ ਸਿੰਘ ਬਿਲਗਾ ਦੀ ਅਗਵਾਈ ਦੀ ਅਹਿਮ ਭੂਮਿਕਾ ਹੈ। ਕਮੇਟੀ ਦੇ ਖਜ਼ਾਨਚੀ ਡਾ. ਰਘਬੀਰ ਕੌਰ ਨੇ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਭਗਤ ਸਿੰਘ ਬਿਲਗਾ ਇਕ ਵਿਅਕਤੀ ਨਹੀਂ ਸਗੋਂ ਸੰਸਥਾ ਸਨ। ਉਹ ਅੰਤਲੇ ਸਾਹ ਤੱਕ ਗ਼ਦਰੀ ਸਰਗਰਮੀਆਂ ਦੇ ਕਾਜ ਨੂੰ ਨੇਪਰੇ ਚਾੜ੍ਹਨ ਲਈ ਜੂਝਣ ਦਾ ਹੋਕਾ ਦਿੰਦੇ ਰਹੇ ਅਤੇ ਇਹੋ ਸੁਨੇਹਾ ਉਹਨਾਂ ਦੁਆਰਾ ਰਚਿਤ ਪੁਸਤਕਾਂ ਵਿਚੋਂ ਮਿਲਦਾ ਹੈ।




ਕਮੇਟੀ ਮੈਂਬਰ ਮੰਗਤ ਰਾਮ ਪਾਸਲਾ ਨੇ ਭਵਿੱਖ ਵਿੱਚ ਖੜੀਆਂ ਅਤੇ ਲੋਕ ਲਹਿਰ ਦੇ ਸਿਰ ਦਹਾੜ ਰਹੀਆਂ ਫਿਰਕੂ ਦਹਿਸ਼ਤਗਰਦੀ ਦੀਆਂ ਚੁਣੌਤੀਆਂ ਦੇ ਟਾਕਰੇ ਲਈ ਇਕ ਜੁੱਟ ਹੋਣ ਅਤੇ ਸਵੈ-ਮੰਥਨ ਕਰਨ ਦੀ ਅਪੀਲ ਕੀਤੀ।

ਸਿਮਰਤੀ ਗ੍ਰੰਥ ਬਾਬਾ ਭਗਤ ਸਿੰਘ ਬਿਲਗਾ ਦੇ ਸੰਪਾਦਕ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਗ੍ਰੰਥ ਤਿਆਰ ਕਰਨ ਸਮੇਂ ਭਗਤ ਸਿੰਘ ਬਿਲਗਾ ਬਾਰੇ ਵਿਸ਼ਾਲ ਬੁੱਧੀਜੀਵੀ ਅਤੇ ਸੰਗਰਾਮੀ ਖੇਤਰ ਨਾਲ ਜੁੜੇ ਲੋਕਾਂ ਤੋਂ ਜਾਣਕੇ ਹਾਸਲ ਹੋਏ ਤਜਰਬੇ ਸਾਂਝੇ ਕੀਤੇ। ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਭਗਤ ਸਿੰਘ ਬਿਲਗਾ ਨਾਲ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਿਤਾਏ ਲੰਮੇ ਸਮੇਂ ਦੀਆਂ ਯਾਦਾਂ ਦੀ ਪਟਾਰੀ ਸਾਂਝੀ ਕੀਤੀ। ਉਹਨਾਂ ਨੇ ਦੇਸ਼ ਭਗਤ ਯਾਦਗਾਰ ਹਾਲ ਦੀਆਂ ਅਮੀਰ ਰਵਾਇਤਾਂ ਅੱਗੇ ਤੋਰਨ ਦਾ ਸੱਦਾ ਦਿੱਤਾ।

ਭਗਤ ਸਿੰਘ ਬਿਲਗਾ ਦੇ ਸਪੁੱਤਰ, ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟ੍ਰਸਟ ਬਰਮਿੰਘਮ ਦੇ ਆਗੂ ਕੁਲਬੀਰ ਸੰਘੇੜਾ ਨੇ ਦੱਸਿਆ ਕਿ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਸਭ ਤੋਂ ਅਹਿਮ ਇਹ ਅਹਿਦ ਕਰਨਾ ਹੈ ਕਿ ਅਸੀਂ ਇਨਕਲਾਬੀ ਜਮਹੂਰੀ ਲਹਿਰ ਨੂੰ ਇਕਜੁੱਟ ਕਰਕੇ ਗ਼ਦਰੀਆਂ ਦੇ ਆਦਰਸ਼ਾਂ ਦਾ ਸਮਾਜ ਸਿਰਜਣ ਲਈ ਅੱਗੇ ਵਧੀਏ। ਸ਼ਮਾਗਮ ’ਚ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ, ਕਮੇਟੀ ਮੈਂਬਰ ਡਾ. ਕਰਮਜੀਤ ਸਿੰਘ, ਰਣਜੀਤ ਸਿੰਘ ਔਲਖ, ਰਮਿੰਦਰ ਪਟਿਆਲਾ, ਪ੍ਰਿਥੀਪਾਲ ਮਾੜੀਮੇਘਾ, ਬਲਬੀਰ ਕੌਰ ਬੰਡਾਲਾ, ਦੇਵ ਰਾਜ ਨਯੀਅਰ ਤੋਂ ਇਲਾਵਾ ਬਹੁਤ ਸਾਰੇ ਲੇਖਕ ਬੁੱਧੀਜੀਵੀ ਅਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਐਸ.ਸੀ. ਰਜਿਮੈਂਟ ਵਿਚ ਸੇਵਾ ਦੇਣ ਵਾਲੇ ਸੈਨਿਕ ਆਏ ਸਾਹਮਣੇ

**ਰਣਬੀਰ ਘਾਨੀਆਂ, ਘਨੌਰੀ (ਕੈਥਲ)–** ਭਾਰਤੀ ਫੌਜ ਦੇ ਇਤਿਹਾਸ ਵਿਚ 71 ਸਾਲ ਤੋਂ ਮੈਂਬਰ ਬਣੇ ਅਨੁਸੂਚਿਤ ਰਜਿਮੈਂਟ ਦੇ ਗਵਾਹ ਆਖਿਰਕਾਰ ਸਾਹਮਣੇ ਆ ਗਏ। 1943 ਤੋਂ 1946 ਤੱਕ ਰਜਿਮੈਂਟ ਵਿਚ ਸੇਵਾ ਦੇਣ ਵਾਲੇ ਜ਼ਿਲ੍ਹਾ ਮਹਿੰਦਰਗੜ੍ਹ, ਭਿਵਾਨੀ ਅਤੇ ਸੋਨੀਪਤ ਦੇ 95 ਸਾਲਾ ਤਿੰਨ ਬਜ਼ੁਰਗ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਹਮਣੇ ਆਏ ਹਨ। ਇਹਨਾਂ ਵਿਚ ਚੁੰਨੀ ਲਾਲ, ਜੋਗੀ ਰਾਮ ਅਤੇ ਧਰਮ ਸਿੰਘ ਸ਼ਾਮਲ ਹਨ। ਕਮਿਸ਼ਨ ਮੈਂਬਰ ਚੌਧਰੀ ਈਸ਼ਵਰ ਸਿੰਘ ਦੇ ਸਾਹਮਣੇ ਆਪਣੀ ਅਪੀਲ ਲੈ ਕੇ ਉਕਤ ਸੈਨਿਕਾਂ ਨੇ ਰਜਿਮੈਂਟ ਨੂੰ ਬਹਾਲ ਕਰਨ ਦੀ ਅਪੀਲ ਕੀਤੀ ਹੈ। ਇਸ ’ਤੇ ਨੋਟਿਸ ਲੈਂਦਿਆਂ ਈਸ਼ਵਰ ਸਿੰਘ ਨੇ ਕੇਂਦਰੀ ਰੱਖਿਆ ਮੰਤਰੀ ਪੱਤਰ ਲਿਖਿਆ ਹੈ। ਡੀ. ਈ. ਓ. ਨੰਬਰ ਐਚ. ਐਮ./ਐਨੀ ਯੀ. ਐਸ. ਸੀ./ 1-2017 ਦੇ ਤਹਿਤ



ਵਿਸ਼ਾ ਰਜਿਮੈਂਟ ਬਹਾਲੀ ਵਿਚ ਇਹ ਵਰਣਨ ਕੀਤਾ ਗਿਆ ਹੈ ਕਿ ਕਮਿਸ਼ਨ ਨੂੰ ਰਾਜ ਦੇ ਤਿੰਨ ਜ਼ਿਲ੍ਹਿਆਂ ਤੋਂ ਆਏ ਸਾਬਕਾ ਸੈਨਿਕਾਂ ਨੇ ਅਪੀਲ ਕੀਤੀ ਹੈ। ਇਸ ਵਿਚ ਉਹਨਾਂ ਨੇ ਖੁਦ ਨੂੰ ਰਜਿਮੈਂਟ ਦੇ ਸੈਨਿਕ ਹੋਣ ਦੇ ਨਾਲ ਕਈ ਮਹੱਤਵਪੂਰਨ ਗਵਾਹੀਆਂ ਪੇਸ਼ ਕੀਤੀਆਂ ਹਨ। ਅਪੀਲਕਾਰਾਂ ਦਾ ਕਹਿਣਾ ਹੈ ਕਿ ਭਾਰਤੀ ਫੌਜ ਵਿਚ ਸੰਵਿਧਾਨ ਦੇ ਮੁਤਾਬਕ ਰਿਜ਼ਰਵੇਸ਼ਨ ਦਾ ਲਾਭ ਨਹੀਂ ਮਿਲ ਰਿਹਾ। ਇਸਦਾ ਸਭ ਤੋਂ ਵੱਡਾ ਕਾਰਨ ਐਸ. ਸੀ. ਰਜਿਮੈਂਟ ਨੂੰ ਬੰਦ ਕਰਨਾ ਹੈ। ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਦਸਤਾਵੇਜ਼ਾਂ ਮੁਤਾਬਕ ਸਾਲ 1943 ਵਿਚ ਸਰਕਾਰ ਨੇ ਅਨੁਸੂਚਿਤ ਜਾਤੀ ਰਜਿਮੈਂਟ ਬਣਾਈ ਸੀ। ਇਸਦਾ ਹੈਡਕੁਆਰਟਰ ਜਬਲਪੁਰ ਵਿਚ ਸਥਿਤ ਸੀ। ਸਬੰਧਤ ਵਰਗ ਦੇ ਨਾਲ-ਨਾਲ ਸਿੱਖ, ਜਾਟ, ਡੋਗਰਾ, ਰਾਜਪੂਤਾਨਾ, ਮਰਾਠਾ, ਰਾਜਪੂਤ, ਮਾਹਰ, ਨਾਗਾ ਅਤੇ ਗੋਰਖਾ ਵਰਗੀਆਂ ਹੋਰ ਰਜਿਮੈਂਟਾਂ ਹੋਂਦ ਵਿਚ ਆਈਆਂ ਸਨ।

ਇਸ ਦੌਰਾਨ ਉਹਨਾਂ ਨੇ ਅਨੁਸੂਚਿਤ ਜਾਤੀ ਵਿਸ਼ੇਸ਼ ਰਜਿਮੈਂਟ ਵਿਚ ਸੇਵਾ ਦਿੱਤੀ। ਅਚਾਨਕ ਰਜਿਮੈਂਟ ਨੂੰ ਬੰਦ ਕਰ ਦਿੱਤਾ ਗਿਆ। ਚੁੰਨੀ ਲਾਲ ਨੇ ਦੱਸਿਆ ਕਿ ਅੰਗਰੇਜ਼ ਸਰਕਾਰ ਉਸ ਵਕਤ ਉਹਨਾਂ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਨਾਲ ਲੜਵਾਉਣਾ ਚਾਹੁੰਦੀ ਸੀ। ਉਹਨਾਂ ਨੇ ਲੜਨ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਦੇ ਕਾਰਨ ਕਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਬਾਅਦ ਵਿਚ ਇਸ ਕਾਰਨ ਰਜਿਮੈਂਟ ਨੂੰ ਹੀ ਖਤਮ ਕਰ ਦਿੱਤਾ ਗਿਆ ਸੀ।

**ਬਿਹਾਰ ਦੇ ਸਾਂਸਦ ਨੇ 2011 ਵਿਚ ਉਠਾਈ ਸੀ ਮੰਗ**

ਬੰਦ ਕੀਤੀ ਗਈ ਰਜਿਮੈਂਟ ਨੂੰ ਮੁੜ ਬਹਾਲ ਕਰਨ ਦੀ ਮੰਗ ਬਿਹਾਰ ਲੋਕ ਸਭਾ ਹਲਕੇ ਤੋਂ ਸਾਲ 2011 ਵਿਚ ਮੈਂਬਰ ਰਹੇ ਰਘੁਵੰਸ਼ ਪ੍ਰਸਾਦ ਸਿੰਘ ਨੇ ਉਠਾਈ ਸੀ। ਇਸ ਮੁੱਦੇ ਨੂੰ ਦੇਸ਼ ਦੀਆਂ ਵੱਖ-ਵੱਖ ਐਸੋਸੀਏਸ਼ਨਾਂ, ਸੰਗਠਨ ਅਤੇ ਐਨ. ਜੀ. ਓ. ਨੇ ਸੈਮੀਨਾਰ ਅਤੇ ਬੈਠਕਾਂ ਦੇ ਨਾਲ ਵਰਕਸ਼ਾਪਾਂ ਦਾ ਸਿਲਸਿਲਾ ਆਰੰਭ ਕੀਤਾ। ਇਸ ਤੋਂ ਬਾਅਦ ਵੀ ਇਹ ਮੰਗ ਸਿਰੇ ਨਹੀਂ ਚੜ੍ਹ ਸਕੀ। ਇਸ ਦੇ ਕਾਰਨ ਸੈਨਿਕਾਂ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਮੈਂਬਰ ਚੌਧਰੀ ਈਸ਼ਵਰ ਸਿੰਘ ਦੇ ਸਾਹਮਣੇ ਅਪੀਲ ਕਰਨ ਦਾ ਫੈਸਲਾ ਕੀਤਾ।


‘ਦੇਸ਼ ਦੁਆਬਾ’

‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com,

www.ambedkartimes.com


# ਬਸਪਾ ਵੱਲੋਂ ਈਵੀਐਮ ਖਿਲਾਫ ਪ੍ਰਦਰਸ਼ਨ 11 ਅਪ੍ਰੈਲ ਨੂੰ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਭਾਰਤੀ ਚੋਣ ਕਮਿਸ਼ਨ ਦੁਆਰਾ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਰਾਹੀਂ ਵੋਟਾਂ ਪੁਆਉਣ ਦਾ ਸਖ਼ਤ ਵਿਰੋਧ ਕਰਨ ਤੋਂ ਬਾਅਦ ਹੁਣ ਇਸ ਵਿਰੁੱਧ ਜਨਤਕ ਅੰਦੋਲਨ ਵਿੱਢਣ ਦਾ ਐਲਾਨ ਕਰ ਦਿੱਤਾ ਗਿਆ ਹੈ। ਬਸਪਾ ਦਾ ਕਹਿਣਾ ਹੈ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਵਿਚ ਗੜਬੜੀ ਕਰਕੇ ਭਾਜਪਾ ਨੇ ਉਤਰ ਪ੍ਰਦੇਸ਼ ਅਤੇ ਉਤਰਾਖੰਡ ਵਿਚ ਵੱਡੀ ਜਿੱਤ ਦਰਜ ਕਰਵਾਈ ਹੈ, ਜਦਕਿ ਉਤਰ ਪ੍ਰਦੇਸ਼ ਵਿਚ ਬਸਪਾ ਨੂੰ ਭਰਪੂਰ ਸਮਰਥਨ ਹਾਸਲ ਸੀ। ਬਸਪਾ ਇਸ ਪ੍ਰਣਾਲੀ ਦੇ ਖਿਲਾਫ ਕੌਮੀ ਪੱਧਰ ਤੇ ਜਨਤਕ



ਅੰਦੋਲਨ ਵਿੱਢਦਿਆਂ 11 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਵੱਡਾ ਪ੍ਰਦਰਸ਼ਨ ਕਰਨ ਜਾ ਰਹੀ ਹੈ। ਬਸਪਾ ਦਾ ਦਾਅਵਾ ਹੈ ਕਿ ਉਤਰ ਪ੍ਰਦੇਸ਼, ਉਤਰਾਖੰਡ, ਪੰਜਾਬ ਚੋਣਾਂ ਵਿਚ ਈ. ਵੀ ਐਮ. ਮਸ਼ੀਨਾਂ ਰਾਹੀਂ ਹੇਰਾਫੇਰੀ ਕੀਤੀ ਗਈ ਹੈ, ਜਿਸ ਕਾਰਨ ਜਨਤਾ ਦੇ ਫਤਵਾ ਦੇ ਘਾਣ ਹੋਇਆ ਹੈ ਅਤੇ ਜਨਤਾ ਨੂੰ ਅਜਿਹੀਆਂ ਸਰਕਾਰਾਂ ਥੋਪ ਦਿੱਤੀਆਂ ਹਨ, ਜਿਹਨਾਂ ਨੂੰ ਕੋਈ ਫਤਵਾ ਹੀ ਹਾਸਲ ਨਹੀਂ ਸੀ। ਬਸਪਾ ਵਰਕਰਾਂ ਅਤੇ ਸਮਰਥਕਾਂ ਵਿਚ ਈਵੀਐਮ. ਰਾਹੀਂ ਚੋਣਾਂ ਕਰਵਾਉਣ ਕਾਰਨ ਭਾਰੀ ਰੋਸ ਹੈ। ਇਸ ਪ੍ਰਦਰਸ਼ਨ ਨਾਲ ਬਸਪਾ ਜਨਤਾ ਵਿਚ ਜਾਗਰੂਕਤਾ ਲਈ ਵੱਡੀ ਮੁਹਿੰਮ ਆਰੰਭ ਕਰਨ ਜਾ ਰਹੀ ਹੈ।

# ਅੰਗੂਠਾ ਮੰਗਣਾ ਦ੍ਰੋਣਾਚਾਰੀਆ ਦੀ ਗਲਤੀ

## ਸੁਪਰੀਮ ਕੋਰਟ ਨੇ ਆਦਿਵਾਸੀਆਂ ਨੂੰ ਦੇਸ਼ ਦੇ ਅਸਲੀ ਨਾਗਰਿਕ ਦੱਸਿਆ

**ਨਵੀਂ ਦਿੱਲੀ–** ਆਦਿਵਾਸੀਆਂ ਨੂੰ ਹਾਸ਼ੀਏ ’ਤੇ ਸੁੱਟਣ ਦੀ ਪ੍ਰਵਿਰਤੀ ’ਤੇ ਸੱਟ ਮਾਰਦਿਆਂ ਸੁਪਰੀਮ ਕੋਰਟ ਨੇ ਇਕ ਫੈਸਲੇ ਵਿਚ ਪਾਂਡਵਾਂ ਦੇ ਗੁਰੂ ਦ੍ਰੋਣਾਚਾਰੀਆ ਨੂੰ ਆਦਿਵਾਸੀ ਲੜਕੇ ਇਕਲਵਯ ਦੇ ਨਾਲ ਘੋਰ ਅੱਨਿਆ ਕਰਨ ਦਾ ਦੋਸ਼ੀ ਪਾਇਆ ਹੈ। ਉੱਚ ਅਦਾਲਤ ਨੇ ਕਿਹਾ ਕਿ ਦ੍ਰੋਣਾਚਾਰੀਆ ਨੇ ਇਕਲਵਯ ਨੂੰ ਤੀਰ ਕਮਾਨ ਵਿੱਦਿਆ ਦੇ ਲਈ ਸਿੱਖਿਅਤ ਕੀਤੇ ਬਿਨਾਂ ਹੀ ਉਸਦਾ ਅੰਗੂਠਾ ਦਕਸ਼ਿਣਾ ਵਿਚ ਮੰਗ ਲਿਆ ਸੀ। ਗੁਰੂ ਦ੍ਰੋਣਾਚਾਰੀਆ ਦਾ ਇਹ ਕੰਮ ਸ਼ਰਮਨਾਕ ਸੀ।

ਜਸਟਿਸ ਮਾਰਕੰਡੇ ਕਾਟਜੂ ਅਤੇ ਗਿਆਯ- ਧਾ ਮਿਸ਼ਰਾ ਦੇ ਬੈਂਚ ਨੇ ਫੈਸਲੇ ਵਿਚ ਕਿਹਾ ਕਿ ਜਦੋਂ ਦ੍ਰੋਣਾਚਾਰੀਆ ਨੇ ਇਕਲਵਯ ਨੂੰ ਛੋਟੀ ਜਾਤੀ ਦਾ ਹੋਣ ਦੇ ਕਾਰਨ ਸਿੱਖਿਅਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਉਹਨਾਂ ਨੂੰ ਉਸ ਤੋਂ ਗੁਰੂ ਦਕਸ਼ਿਣਾ ਲੈਣ ਦਾ ਕੀ ਅਧਿਕਾਰ ਸੀ? ਉਹਨਾਂ ਨੇ ਉਸਦਾ ਅੰਗੂਠਾ ਵੀ ਲਿਆ ਤਾਂ ਸੱਜੇ ਹੱਥ ਦਾ, ਜਿਸ ਕਾਰਨ ਉਹ ਉਸ ਦੇ ਪਸੰਦੀਦਾ ਚੇਲੇ ਅਰਜੁਨ ਵਾਂਗ ਕੁਸ਼ਲ ਤੀਰ ਅੰਦਾਜ਼ ਨਾ ਬਣ ਸਕੇ। ਇਹ ਆਦਿਵਾਸੀਆਂ ਦੇ ਨਾਲ ਸਦੀਆਂ ਤੋਂ ਚਲੇ ਆ ਰਹੇ ਅੱਤਿਆਚਾਰੀ ਦੀ ਅਹਿਮ ਉਦਾਹਰਣ ਹੈ। ਇਹ ਟਿੱਪਣੀਆਂ ਕਰਦੇ ਹੋਏ ਬੈਂਚ ਨੇ ਮਹਾਂਰਾਸ਼ਟਰ ਵਿਚ ਇਕ ਭੀਲ ਲੜਕੀ ਨੂੰ ਨੰਗਾ



ਕਰਕੇ ਘੁੰਮਾਉਣ ਦੇ ਦੋਸ਼ਾਂ ਵਿਚ ਸਜ਼ਾ ਪ੍ਰਾਪਤ ਇਕ ਔਰਤ ਸਮੇਤ ਤਿੰਨ ਲੋਕਾਂ ਦੀ ਅਪੀਲ ਖਾਰਜ ਕਰ ਦਿੱਤੀ। ਕੋਰਟ ਨੇ ਕਿਹਾ ਕਿ ਉਹਨਾਂ ਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਦੋਸ਼ੀਆਂ ਨੂੰ ਐਸ.- ਸੀ.-ਐਸ. ਟੀ. ਐਕਟ ਦੇ ਤਹਿਤ ਦਿੱਤੀ ਗਈ ਸਜ਼ਾ ਨੂੰ ਹਾਈਕੋਰਟ ਨੇ ਤਕਨੀਕੀ ਕਾਰਨਾਂ ਕਰਕੇ ਖਤਮ ਕਰ ਦਿੱਤਾ। ਉੱਚ ਅਦਾਲਤ ਨੇ ਕਿਹਾ ਕਿ ਆਦਿਵਾਸੀ ਹੀ ਦੇਸ਼ ਦੇ ਅਸਲੀ ਨਾਗਰਿਕ ਹਨ। ਬਾਕੀ 92 ਫੀਸਦੀ ਲੋਕ ਬਾਹਰੋਂ ਆਏ ਹਮਲਾਵਰਾਂ ਦੀਆਂ ਸੰਤਾਨਾਂ ਹਨ।

# ਮਾਪਿਆਂ ਤੋਂ ਦੂਰ ਰਹਿੰਦੇ ਬੱਚਿਆਂ ਦੇ ਹੁੰਦੇ ਸਰੀਰਕ ਤੇ ਮਾਨਸਿਕ ਸੋਸ਼ਣ ਦੀ ਕੀਤੀ ਚਿੰਤਾ

## ‘ਏਕ ਵਿਚਾਰਾ ਬਚਪਨ’ ਦਾ ਕੀਤਾ ਮੰਚਨ

**ਗੁਰਾਇਆ (ਨਿਰਮਲ ਗੁੜਾ)–** ਜਿਲਾ ਜਲੰਧਰ ਦੇ ਪਿੰਡ ਚੱਕ ਦੇਸ- ਰਾਜ ਵਿਖੇ ਅਜ਼ਾਦ ਰੰਗ ਮੰਚ ਵਲੋਂ ਪੰਜਾਬੀ ਨਾਟਕ ਵੇਹੜਾ ਵਿਖੇ ਸ਼ਦੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸਮ੍ਰਪਿਤ ਇੰਨਕਲਾਬੀ ਨਾਟਕ ਮੇਲਾ ਅਤੇ ਵਿਚਾਰ ਗੋਸ਼ਟੀ ਦਾ ਆਯੋਜਨ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਉੱਘੇ ਸਮਾਜ ਸੇਵਕ ਬੀ ਆਰ ਕਟਾਰੀਆ ਨੇ ਰੀਬਨ ਕੱਟਕੇ ਕੀਤਾ ਜਦਕਿ ਸ਼ਮਾ ਰੌਸ਼ਨ ਦੀ ਰਸਮ ਉੱਘੇ ਸਮਾਜ ਸੇਵਕ ਡਾ. ਸੁਸ਼ੀਲ ਕੌਰ ਨੇ ਅਦਾ ਕੀਤੀ। ਇਸ ਮੌਕੇ ਪ੍ਰਸਿੱਧ ਗਾਇਕ ਰਘਬੀਰ ਬਾਂਸਲ ਅਤੇ ਦਲਜੀਤ ਸਿੰਘ ਬਿੱਟੂ ਨੇ ਦੇਸ਼ ਭਗਤੀ ਅਤੇ ਸਮਾਜਿਕ ਗੀਤ ਗਾ ਕੇ ਹਾਜਰੀ ਲਗਾਈ। ਇਸ ਮੌਕੇ ਰੰਗ ਮੰਚ ਰੰਗ ਨਗਰੀ ਲੁਧਿਆਣਾ ਵਲੋਂ ਨਿਰਦੇਸ਼ਕ ਮਨਦੀਪ ਦੀ ਨਿਰਦੇਸ਼ਨਾਂ ਹੇਠ ਨਾਟਕ 'ਏਕ ਵਿਚਾਰਾ ਬਚਪਨ’ ਦੀ ਪੇਸ਼ਕਾਰੀ ਕਰਕੇ ਇਕੱਤਰ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿਤਾ ਅਤੇ ਨਾਟਕ ਰਾਹੀਂ ਸੰਦੇਸ਼ ਦੇਣ ਦਾ ਉਪਰਾਲਾ ਕੀਤਾ ਗਿਆ ਕਿ ਜਿਥੇ ਅੱਜ ਦੇ ਬੇਲੋੜੇ ਰੁਝੇਵਿਆਂ ਭਰੇ ਅਤੇ ਦਿਖਾਵਾ ਰੁਖੀ ਸਮਾਜ ਆਪਣੀ ਸ਼ੌਰਤ ਖਾਤਰ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਉਹਨਾਂ ਦੇ ਚੰਗੇ ਜੀਵਨ ਲਈ ਪੈਸਾ ਤਾਂ ਖਰਚਦਾ ਹੈ ਪਰ ਇਸ ਗਲ ਨੂੰ ਭੁੱਲ ਜਾਂਦਾ ਹੈ ਕਿ ਬੱਚਿਆਂ ਨੂੰ ਮਾਪਿਆਂ ਦੇ ਪਿਆਰ, ਸੰਸਕਾਰ, ਦੇਖਰੇਖ ਅਤੇ ਦੋਸਤੀ ਦੀ ਵੀ ਲੋੜ ਹੈ। ਬੱਚਿਆਂ ਦਾ ਮਾਪਿਆਂ ਤੋਂ ਦੂਰ ਰਹਿਣ ਨਾਲ਼ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਸੋਸ਼ਣ ਹੋਣ ਦੀਆਂ ਅਕਸਰ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਜੋ ਬੱਚੇ ਕਿਸੇ ਨਾ਼ਲ ਗਲ ਤੱਕ ਨਹੀਂ ਕਰ ਸਕਦੇ। ਇਸ ਮੌਕੇ ਸਟੇਜ ਦੀ ਕਾਰਵਾਈ ਬੀਬਾਂ ਕੁਲਵੰਤ ਨੇ ਕੀਤੀ। ਇਸ ਮੌਕੇ ਉਪਕਾਰ ਸਿੰਘ ਬਖਸ਼ੀ, ਸਰਪੰਚ ਗਿਆਨ ਸਿੰਘ, ਮੁਹਿੰਦਰ ਸੰਧੂ ਅਤੇ ਪਿੰਡ ਵਾਸੀ ਮੌਜੂਦ ਸਨ।



# Buying or Selling Gas Stations and Hotels All over in California

Do you want to Buy/Sell your Gas Station and Hotel Business property? Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.




*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn Courtyard

7412 Elsie Avenue, Sacramento CA 95828

"Honesty and Experience make the Difference"
www.buyorsellgasstationsandhotels.com



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hay-ward, CA 94544



Prop: Jasbir Singh Takhar
510-755-2132

Harmandeep Singh



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

## IRP Plates for 48 States- Same day Plates

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES:**
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



# A & S

## Auto Repair & Services

## Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਨਿਘਾਰ ਵੱਲ ਜਾ ਰਹੇ ਪੰਜਾਬ ਦੇ ਸਰਕਾਰੀ ਸਕੂਲ



ਗੁਰਮੀਤ ਸਿੰਘ ਪਲਾਹੀ
91-98158-02070

**ਸਰਕਾਰੀ ਸਕੂਲਾਂ ਦੀ ਹਾਲਤ ਖਸਤਾ ਹੈ, ਖਾਸ ਤੌਰ 'ਤੇ ਪਿੰਡਾਂ ਵਿੱਚ! ਅਧਿਆਪਕਾਂ ਦੀ ਘਾਟ, ਮੌਜੂਦਾ ਅਧਿਆਪਕਾਂ ਤੋਂ ਪੜ੍ਹਾਈ ਤੋਂ ਇਲਾਵਾ ਵਾਧੂ ਕੰਮ ਲੈਣਾ, ਅਧਿਆਪਕਾਂ ਦੀ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਤੀ ਬੇ-ਰੁਖੀ, ਸਕੂਲਾਂ 'ਚ ਖੇਡ ਸਹੂਲਤਾਂ ਨਾ ਹੋਣਾ, ਸਹਿ-ਸਰਗਰਮੀਆਂ ਦੇ ਵਿਦਿਆਰਥੀਆਂ ਨੂੰ ਮੌਕੇ ਨਾ ਮਿਲਣੇ, ਵਿਦਿਆਰਥੀਆਂ 'ਚ ਪੜ੍ਹਾਈ, ਖੇਡਾਂ 'ਚ ਆਪਸੀ ਮੁਕਾਬਲੇ ਦੀ ਭਾਵਨਾ ਰੁਚਿਤ ਨਾ ਕਰਵਾਉਣਾ ਆਦਿ ਕੁਝ ਇਹ ਜਿਹੀਆਂ ਤਰੁੱਟੀਆਂ ਹਨ, ਜਿਨ੍ਹਾਂ ਕਰਕੇ ਸਰਕਾਰੀ ਸਕੂਲਾਂ 'ਚ ਵਿਦਿਆਰਥੀ ਘੱਟ ਰਹੇ ਹਨ।ਉਂਜ ਪ੍ਰਾਈਵੇਟ (ਨਿੱਜੀ) ਸਕੂਲਾਂ ਨਾਲੋਂ ਵੱਧ ਤਨਖਾਹਾਂ ਵਾਲੇ ਅਧਿਆਪਕ ਤੇ ਸਟਾਫ ਇਨ੍ਹਾਂ ਸਕੂਲਾਂ 'ਚ ਨਿਯੁੱਕਤ ਹੈ, ਪਰ ਪ੍ਰਬੰਧਕੀ ਖਾਮੀਆਂ ਦੇ ਚਲਦਿਆਂ ਅਤੇ ਜਵਾਬਦੇਹੀ ਨੀਅਤ ਕਰਨ ਦੀ ਕਮੀ ਦੇ ਕਾਰਨ ਕੁਝ ਅਧਿਆਪਕਾਂ ਵੱਲੋਂ ਵਰਤੀ ਜਾ ਰਹੀ ਲਾਪਰਵਾਹੀ ਇਨ੍ਹਾਂ ਸਕੂਲਾਂ ਦੇ ਪੜ੍ਹਾਈ ਦੇ ਪੱਧਰ ਨੂੰ ਨਿਵਾਣਾ ਵੱਲ ਲਈ ਜਾ ਰਹੀ ਹੈ।**

ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਦੇ ਵਿਕਸਤ ਸੂਬੇ ਵਜੋਂ ਪਛਾਣ ਬਣਾ ਚੁੱਕੇ ਪੰਜਾਬ ਦੇ 1170 ਪ੍ਰਾਇਮਰੀ ਸਕੂਲ ਇੱਕ ਸਕੂਲ ਇੱਕ ਅਧਿਆਪਕ ਨਾਲ ਚੱਲ ਰਹੇ ਹਨ, ਜਦੋਂ ਕਿ ਪ੍ਰਾਇਮਰੀ ਸਕੂਲ ਵਿੱਚ ਪਹਿਲੀ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਪੰਜ ਜਮਾਤਾਂ ਹੁੰਦੀਆਂ ਹਨ ਅਤੇ ਇਨ੍ਹਾਂ ਕਲਾਸਾਂ ਵਿੱਚ ਬੱਚਿਆਂ ਨੂੰ ਪੰਜਾਬੀ, ਹਿੰਦੀ, ਗਣਿਤ, ਸਮਾਜਿਕ ਸਿੱਖਿਆ, ਅੰਗਰੇਜ਼ੀ ਤੇ ਵਿਗਿਆਨ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ। ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਲੰਮਾ ਸਮਾਂ ਰਾਜ ਕੀਤਾ, ਅਕਾਲੀ-ਭਾਜਪਾ ਸਰਕਾਰ ਵੀ 15 ਵਰ੍ਹੇ ਰਾਜ ਕਰ ਗਈ, ਵਿੱਚ-ਵਿਚਾਲੇ ਹੋਰ ਸਿਆਸੀ ਧਿਰਾਂ ਨੇ ਪੰਜਾਬ ਦੇ ਲੋਕਾਂ ਉੱਤੇ ਹਕੂਮਤ ਕੀਤੀ, ਪਰ ਕਿਸੇ ਵੀ ਧਿਰ ਨੇ ਸਿੱਖਿਆ ਦੇ ਖੇਤਰ 'ਚ ਪੰਜਾਬ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਯਥਾਯੋਗ ਕਦਮ ਨਹੀਂ ਪੁੱਟੇ।

ਪੰਜਾਬ ਦੇ ਸਰਕਾਰੀ ਸਕੂਲਾਂ ਦੀ ਦਸ਼ਾ ਬਾਰੇ 2011-2016 ਤੱਕ ਦੀ ਕੈਗ (ਕੰਪਟਰੋਲਰ ਐਂਡ ਆਡਿਟਰ ਜਨਰਲ ਆਫ਼ ਇੰਡੀਆ) ਦੀ ਸਰਵ ਸਿੱਖਿਆ ਅਭਿਆਨ ਬਾਰੇ ਰਿਪੋਰਟ ਖੁਲਾਸਾ ਕਰਦੀ ਹੈ ਕਿ 2011-12 'ਚ ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਸਰਕਾਰੀ ਸਕੂਲਾਂ 'ਚ 20,76,619 ਬੱਚੇ ਦਾਖ਼ਲ ਹੋਏ ਸਨ, ਜੋ 2015-16 ਵਿੱਚ ਘਟ ਕੇ 18,79,126 ਰਹਿ ਗਏ, ਜਦੋਂ ਕਿ ਨਿੱਜੀ ਸਕੂਲਾਂ ਵਿੱਚ 2011-12 'ਚ 19,63,844 ਬੱਚੇ ਦਾਖ਼ਲ ਹੋਏ ਸਨ, ਜੋ ਵਧ ਕੇ 20,83,313 ਹੋ ਗਏ। ਇਸ ਦਾ ਸਿੱਧਾ ਅਤੇ ਸਪੱਸ਼ਟ ਅਰਥ ਇਹ ਹੈ ਕਿ ਸਰਕਾਰੀ ਸਕੂਲਾਂ ਦੀ ਮੰਦੀ ਹਾਲਤ ਕਾਰਨ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਪ੍ਰਤੀ ਮੋਹ ਭੰਗ ਹੋ ਰਿਹਾ ਹੈ ਅਤੇ ਅਣ-ਸਰਦੇ ਤੇ ਮਜਬੂਰੀ ਨੂੰ ਹੀ ਮਾਪੇ ਇਨ੍ਹਾਂ ਸਕੂਲਾਂ 'ਚ ਆਪਣੇ ਬੱਚੇ ਪੜ੍ਹਨ ਲਈ ਭੇਜਦੇ ਹਨ। ਮਾਪੇ ਕਿਵੇਂ ਚਾਹੁਣਗੇ ਕਿ ਉਨ੍ਹਾਂ ਦੇ ਬੱਚੇ ਉਨ੍ਹਾਂ ਮਿਡਲ ਸਕੂਲਾਂ 'ਚ ਪੜ੍ਹਨ, ਜਿੱਥੇ ਅਧਿਆਪਕ ਹੀ ਉਪਲੱਬਧ ਨਹੀਂ ਹਨ? ਸੂਬੇ ਦੇ ਅਪਰ ਪ੍ਰਾਇਮਰੀ (ਮਿਡਲ) ਸਕੂਲਾਂ ਵਿੱਚੋਂ 572 ਸਕੂਲ ਇਹੋ ਜਿਹੇ ਹਨ, ਜਿੱਥੇ ਤਿੰਨ ਤੋਂ ਘੱਟ ਅਧਿਆਪਕ ਹਨ, ਜਦੋਂ ਕਿ ਇਨ੍ਹਾਂ ਸਕੂਲਾਂ 'ਚ ਮਨਜ਼ੂਰ-ਸ਼ੁਦਾ 6 ਪੋਸਟਾਂ ਪ੍ਰਤੀ ਸਕੂਲ ਜ਼ਰੂਰੀ ਹਨ। ਕੈਗ ਦੀ ਰਿਪੋਰਟ ਅਨੁਸਾਰ ਰਾਜ ਭਰ 'ਚ 69 ਸਕੂਲ ਇਹੋ ਜਿਹੇ ਹਨ, ਜਿਨ੍ਹਾਂ ਦੀ ਆਪਣੀ ਕੋਈ ਇਮਾਰਤ ਨਹੀਂ, 405 ਪ੍ਰਾਇਮਰੀ ਸਕੂਲ ਇਹੋ ਜਿਹੇ ਹਨ, ਜਿੱਥੇ ਸਿਰਫ਼ ਇੱਕ ਕਲਾਸ ਰੂਮ ਹੈ, 327 ਮਿਡਲ ਸਕੂਲ ਇਹੋ ਜਿਹੇ ਹਨ, ਜਿੱਥੇ ਸਿਰਫ਼ ਦੋ ਕਮਰੇ ਹਨ, 99 ਸਕੂਲਾਂ 'ਚ ਪੀਣ ਲਈ ਪਾਣੀ ਨਹੀਂ, 286 ਸਕੂਲਾਂ ਕੋਲ ਖੇਡ ਮੈਦਾਨ ਨਹੀਂ ਅਤੇ 10341 ਸਕੂਲਾਂ ਕੋਲ ਫਰਨੀਚਰ ਦੀ ਕਮੀ ਹੈ। ਇਸ ਦੇ ਉਲਟ ਬਹੁਤੇ ਨਿੱਜੀ ਸਕੂਲ ਸ਼ਾਨਦਾਰ ਇਮਾਰਤਾਂ ਬਣਾਈ ਬੈਠੇ ਹਨ, ਵਿਦਿਆਰਥੀਆਂ ਦੀ, ਮਾਪਿਆਂ ਦੀ ਗਾੜ੍ਹੇ ਖ਼ੂਨ-ਪਸੀਨੇ ਦੀ ਕਮਾਈ ਦੀ ਵੱਡੀਆਂ ਫੀਸਾਂ ਲੈ ਕੇ ਲੁੱਟ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਵੱਖੋ-ਵੱਖਰੀਆਂ ਸਹੂਲਤਾਂ ਦੇਣ ਦੇ ਨਾਮ ਉੱਤੇ ਉਨ੍ਹਾਂ ਨਾਲ ਠੱਗੀ ਕਰਦੇ ਹਨ। ਸਕੂਲਾਂ 'ਚ ਕੰਪਿਊਟਰ ਸਿੱਖਿਆ, ਜਿੰਮ, ਕਿਤਾਬਾਂ, ਵਰਦੀਆਂ, ਏਅਰ-ਕੰਡੀਸ਼ਨਰ, ਸਾਈਕਲ-ਸਕੂਟਰ ਪਾਰਕਿੰਗ, ਸਮਾਰਟ ਕਲਾਸਾਂ, ਬੱਸ ਸਰਵਿਸ ਦੇ ਨਾਮ ਉੱਤੇ ਇਨ੍ਹਾਂ ਸਕੂਲਾਂ 'ਚ ਵਿਦਿਆਰਥੀਆਂ ਦੇ ਮਾਪਿਆਂ ਦੀਆਂ ਜੇਬਾਂ ਫਰੋਲੀਆਂ ਜਾਂਦੀਆਂ ਹਨ, ਅਤੇ ਕਰੋੜਾਂ ਰੁਪਏ ਇਨ੍ਹਾਂ ਨਿੱਜੀ ਸਕੂਲਾਂ ਵੱਲੋਂ ਹਰ ਵਰ੍ਹੇ ਦਾਖ਼ਲਾ ਫੀਸ, ਸਾਲਾਨਾ ਫੀਸ, ਆਦਿ ਦੇ ਨਾਮ ਉੱਤੇ ਉਗਰਾਹ ਲਏ ਜਾਂਦੇ ਹਨ, ਜਦੋਂ ਕਿ ਇਵਜ਼ ਵਿੱਚ ਬੱਚਿਆਂ ਦੇ ਪੱਲੇ, ਬਹੁਤੀਆਂ ਹਾਲਤਾਂ ਵਿੱਚ, ਸਬ-ਸਟੈਂਡਰਡ ਅਧਿਆਪਕ, ਅਧੂਰੀਆਂ ਸਹੂਲਤਾਂ ਪਾਈਆਂ ਜਾਂਦੀਆਂ ਹਨ। ਤਦ ਵੀ, ਸਰਕਾਰੀ ਸਕੂਲਾਂ ਦੇ ਮੁਕਾਬਲੇ ਨਿੱਜੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ।

ਕਾਰਨ ਸਪੱਸ਼ਟ ਹਨ। ਸਰਕਾਰੀ ਸਕੂਲਾਂ ਦੀ ਹਾਲਤ ਖਸਤਾ ਹੈ, ਖ਼ਾਸ ਤੌਰ 'ਤੇ ਪਿੰਡਾਂ ਵਿੱਚ। ਅਧਿਆਪਕਾਂ ਦੀ ਘਾਟ, ਮੌਜੂਦ ਅਧਿਆਪਕਾਂ ਤੋਂ ਪੜ੍ਹਾਈ ਤੋਂ ਇਲਾਵਾ ਵਾਧੂ ਕੰਮ ਲੈਣਾ, ਅਧਿਆਪਕਾਂ ਦੀ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਤੀ ਬੇ-ਰੁਖ਼ੀ, ਸਕੂਲਾਂ 'ਚ ਖੇਡ ਸਹੂਲਤਾਂ ਨਾ ਦਾ ਹੋਣਾ, ਸਹਿ-ਸਰਗਰਮੀਆਂ ਦੇ ਵਿਦਿਆਰਥੀਆਂ ਨੂੰ ਮੌਕੇ ਨਾ ਮਿਲਣੇ, ਵਿਦਿਆਰਥੀਆਂ 'ਚ ਪੜ੍ਹਾਈ, ਖੇਡਾਂ 'ਚ ਆਪਸੀ ਮੁਕਾਬਲੇ ਦੀ ਭਾਵਨਾ ਪੈਦਾ ਨਾ ਕਰਨਾ, ਆਦਿ ਕੁਝ ਇਹੋ ਜਿਹੀਆਂ ਤਰੁੱਟੀਆਂ ਹਨ, ਜਿਨ੍ਹਾਂ ਕਰ ਕੇ ਸਰਕਾਰੀ ਸਕੂਲਾਂ 'ਚ ਵਿਦਿਆਰਥੀ ਘਟ ਰਹੇ ਹਨ।

ਉਂਜ ਪ੍ਰਾਈਵੇਟ ਸਕੂਲਾਂ ਨਾਲੋਂ ਵੱਧ ਤਨਖ਼ਾਹਾਂ ਵਾਲੇ ਅਧਿਆਪਕ ਤੇ ਸਟਾਫ ਇਨ੍ਹਾਂ ਸਕੂਲਾਂ 'ਚ ਨਿਯੁਕਤ ਹੈ, ਪਰ ਪ੍ਰਬੰਧਕੀ ਖਾਮੀਆਂ ਦੇ ਚੱਲਦਿਆਂ ਅਤੇ ਜਵਾਬਦੇਹੀ ਨੀਯਤ ਕਰਨ ਦੀ ਕਮੀ ਦੇ ਕਾਰਨ ਕੁਝ ਅਧਿਆਪਕਾਂ ਵੱਲੋਂ ਵਰਤੀ ਜਾ ਰਹੀ ਲਾਪਰਵਾਹੀ ਇਨ੍ਹਾਂ ਸਕੂਲਾਂ ਦੇ ਪੜ੍ਹਾਈ ਦੇ ਪੱਧਰ ਨੂੰ ਨੀਵਾਣਾਂ ਵੱਲ ਲਈ ਜਾ ਰਹੀ ਹੈ।

ਇਲਾਹਾਬਾਦ ਹਾਈ ਕੋਰਟ ਵੱਲੋਂ ਕੀਤੇ ਫ਼ੈਸਲੇ ਅਨੁਸਾਰ ਸਰਕਾਰੀ ਨੌਕਰੀ ਕਰ ਰਹੇ ਕਰਮਚਾਰੀਆਂ, ਅਫ਼ਸਰਾਂ ਸਮੇਤ ਅਧਿਆਪਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਪੜ੍ਹਾਉਣ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਸਕੂਲਾਂ 'ਚ ਨਾ ਪੜ੍ਹਾਏ ਜਾਣ ਦੀ ਸੂਰਤ 'ਚ ਉਨ੍ਹਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਦਿੱਤੀਆਂ ਜਾਣ ਵਾਲੀਆਂ ਫੀਸਾਂ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੇ ਹੁਕਮ ਦਿੱਤੇ ਗਏ ਹਨ, ਪਰ ਇਹ ਹੁਕਮ ਪੰਜਾਬ 'ਚ ਲਾਗੂ ਨਹੀਂ ਹੋਏ, ਜਦੋਂ ਕਿ ਪੰਜਾਬ ਦੇ ਸਕੂਲਾਂ ਦੀ ਜੋ ਹਾਲਤ ਹੈ, ਉਸ ਦੇ ਹੁੰਦਿਆਂ ਇਹ ਹੁਕਮ ਸਰਕਾਰ ਵੱਲੋਂ ਪੰਜਾਬ ਵਿੱਚ ਵੀ ਲਾਗੂ ਕਰਨ ਯੋਗ ਹਨ। ਅਧਿਆਪਕਾਂ ਦੀ ਸਕੂਲਾਂ ਪ੍ਰਤੀ ਬੇ-ਰੁਖ਼ੀ, ਅਣਗਹਿਲੀ ਦੂਰ ਕਰਨ ਲਈ ਸ਼ਾਇਦ ਇਹ ਇੱਕ ਰਸਤਾ ਹੋਵੇਗਾ, ਕਿਉਂਕਿ ਸਰਕਾਰੀ ਕਰਮਚਾਰੀਆਂ, ਅਧਿਆਪਕਾਂ ਦੇ ਬੱਚੇ ਵੀ ਜਦੋਂ ਇਨ੍ਹਾਂ ਸਕੂਲਾਂ 'ਚ ਪੜ੍ਹਨਗੇ ਤਾਂ ਉਨ੍ਹਾਂ ਨੂੰ ਇਨ੍ਹਾਂ ਸਕੂਲਾਂ ਦੀ ਤਰਸ ਯੋਗ ਹਾਲਤ ਦਾ ਅਹਿਸਾਸ ਹੋਵੇਗਾ ਤੇ ਉਹ ਇਨ੍ਹਾਂ ਦੀ ਹਾਲਤ ਦੇ ਸੁਧਾਰ ਲਈ ਯਤਨ ਕਰਨਗੇ।

ਉਂਜ ਇਨ੍ਹਾਂ ਸਕੂਲਾਂ 'ਚ ਪੜ੍ਹਦੇ ਬੱਚਿਆਂ ਲਈ ਸਹੂਲਤਾਂ ਅਤੇ ਸੁਰੱਖਿਆ ਲਈ ਪ੍ਰਬੰਧਾਂ ਸੰਬੰਧੀ ਜਿਸ ਕਿਸਮ ਦੀ ਬੇ-ਰੁਖ਼ੀ ਅਧਿਕਾਰੀਆਂ ਵੱਲੋਂ ਵਰਤੀ ਜਾ ਰਹੀ ਹੈ, ਉਸ ਬਾਰੇ ਕੈਗ ਮੁਤਾਬਕ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਵੱਲੋਂ ਸਹੀ ਮਾਨੀਟਰਿੰਗ ਕੀਤੀ ਹੀ ਨਹੀਂ ਗਈ। ਕਮਿਸ਼ਨ ਦੀ ਹਰ ਤਿੰਨ ਮਹੀਨੇ ਬਾਅਦ ਇੱਕ ਮੀਟਿੰਗ ਹੋਣੀ ਚਾਹੀਦੀ ਹੈ, ਪਰ 2011-12 ਅਤੇ 2012-13 'ਚ ਕੋਈ ਮੀਟਿੰਗ ਨਹੀਂ ਹੋਈ। ਸੰਨ 2013-14 ਵਿੱਚ ਸਿਰਫ਼ ਇੱਕ, 2014-15 ਵਿੱਚ ਤਿੰਨ ਅਤੇ 2015-16 'ਚ ਗਿਆਰਾਂ ਮੀਟਿੰਗ ਹੋਈਆਂ। ਕਮਿਸ਼ਨ ਨੇ ਜਿਹੜੀਆਂ ਸਿਫਾਰਸ਼ਾਂ ਪੰਜਾਬ ਸਰਕਾਰ ਨੂੰ ਕੀਤੀਆਂ, ਖ਼ਾਸ ਕਰ ਕੇ ਚਾਈਲਡ ਲੇਬਰ ਰੋਕਣ ਲਈ, ਉਨ੍ਹਾਂ ਉੱਤੇ ਅਮਲ ਨਹੀਂ ਕੀਤਾ ਗਿਆ। ਕਮਿਸ਼ਨ ਨੂੰ ਦਿੱਤੇ ਗਏ 30.48 ਲੱਖ ਰੁਪਿਆਂ ਵਿੱਚੋਂ ਸਿਰਫ਼ 12.97 ਲੱਖ ਰੁਪਏ ਹੀ ਖ਼ਰਚੇ ਗਏ।

ਵਿਡੰਬਨਾ ਇਹ ਕਿ 2011 ਤੋਂ 2014 ਦਰਮਿਆਨ ਸਕੂਲ ਮੈਪਿੰਗ ਹੀ ਨਹੀਂ ਕੀਤੀ ਗਈ, ਜਿਸ ਦੇ ਚੱਲਦਿਆਂ ਪੀ ਏ ਬੀ ਨੇ ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਮਨਜ਼ੂਰੀ ਨਹੀਂ ਦਿੱਤੀ। ਉਂਜ 1-5 ਸਾਲ ਦੇ ਬੱਚਿਆਂ ਲਈ ਇੱਕ ਕਿਲੋਮੀਟਰ, 6-8 ਸਾਲ ਵਾਲਿਆਂ ਲਈ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਸਕੂਲ ਹੋਣਾ ਚਾਹੀਦਾ ਹੈ।

ਕਾਰਨ ਇਹ ਵੀ ਸੀ ਕਿ ਕਮਜ਼ੋਰ ਵਰਗ ਦੇ ਬੱਚਿਆਂ ਦਾ ਕੋਈ ਡਾਟਾ ਤਿਆਰ ਨਹੀਂ ਕੀਤਾ ਗਿਆ। ਸਿੱਟੇ ਵਜੋਂ ਕੇਂਦਰ ਤੋਂ ਫ਼ੰਡ ਨਹੀਂ ਮਿਲੇ। ਸਕੂਲਾਂ 'ਚ ਆਰ ਟੀ ਆਈ ਲਾਗੂ ਕਰਨ ਲਈ ਅਧਿਕਾਰੀਆਂ ਨੇ ਡੇਢ ਸਾਲ ਲਗਾ ਦਿੱਤਾ, ਜਿਸ ਨਾਲ ਪ੍ਰਾਜੈਕਟ ਮਨਜ਼ੂਰੀ ਬੋਰਡ ਨੇ 2011-12 ਦੇ 114.36 ਕਰੋੜ ਰੁਪਏ ਮਨਜ਼ੂਰ ਨਹੀਂ ਕੀਤੇ। ਸਾਲ 2011-16 ਦਰਮਿਆਨ ਅਧਿਕਾਰੀਆਂ ਦੀ ਅਣਗਹਿਲੀ ਨਾਲ 1362.76 ਕਰੋੜ ਰੁਪਏ ਦੇ ਫ਼ੰਡ ਘੱਟ ਜਾਰੀ ਕੀਤੇ ਗਏ। ਸੰਨ 2014-16 ਦੇ ਦੌਰਾਨ ਪੰਜਾਬ ਸਰਕਾਰ ਨੇ 48.48 ਕਰੋੜ ਰੁਪਏ ਦਾ ਆਪਣਾ ਕੇਂਦਰੀ ਹਿੱਸਾ ਜਾਰੀ ਨਾ ਕੀਤਾ। ਸਿੱਟੇ ਵਜੋਂ ਸਕੂਲ ਸਹੂਲਤਾਂ ਤੋਂ ਵਿਰਵੇ ਰਹੇ, ਅਧਿਆਪਕਾਂ ਦੀ ਭਰਤੀ ਹੀ ਨਾ ਹੋਈ।

ਸਕੂਲਾਂ ਦੀ ਹਾਲਤ ਸੁਧਾਰਨ ਤੇ ਸਿੱਖਿਆ ਪ੍ਰਣਾਲੀ 'ਚ ਸੁਧਾਰ ਲਿਆਉਣ ਦੀ ਥਾਂ ਪ੍ਰਾਈਵੇਟ-ਪਬਲਿਕ ਮਾਡਲ, ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹਣ ਨੂੰ ਪਹਿਲ ਦੇ ਕੇ ਸਿੱਖਿਆ ਨੂੰ 'ਵੱਡਿਆਂ, ਮੁਨਾਫੇਖੋਰਾਂ' ਦੇ ਹੱਥ ਦੇ ਕੇ ਪੰਜਾਬ ਦੇ ਸਿੱਖਿਆ ਤੰਤਰ ਦਾ ਸਰਕਾਰਾਂ ਵੱਲੋਂ ਭੱਠਾ ਬਿਠਾਇਆ ਜਾ ਰਿਹਾ ਹੈ। ਨਹੀਂ ਤਾਂ ਸਰਕਾਰੀ ਯੂਨੀਵਰਸਿਟੀਆਂ ਦੇ ਵੀ ਸੀ ਸਿਆਸੀ ਪਹੁੰਚ ਵਾਲੇ ਵਿਅਕਤੀ ਕਿਉਂ ਲੱਗਣ, ਸਿੱਖਿਆ ਸ਼ਾਸਤਰੀ ਕਿਉਂ ਨਾ? ਲੋੜੋਂ ਵੱਧ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹ ਕੇ ਉਨ੍ਹਾਂ ਨੂੰ ਅਕਾਦਮਿਕ ਖੇਤਰ 'ਚ ਖੁੱਲ੍ਹ ਖੇਡਣ ਦੀ ਆਗਿਆ ਕਿਉਂ ਦਿੱਤੀ ਜਾਵੇ? ਉਨ੍ਹਾਂ 'ਤੇ ਸਰਕਾਰੀ ਕੁੰਡਾ ਕਿਉਂ ਨਾ ਹੋਵੇ? ਕਿਉਂ ਪਬਲਿਕ ਸਕੂਲ ਹਰ ਵਰ੍ਹੇ ਮਨਮਾਨੀ ਦੀਆਂ ਫੀਸਾਂ-ਫ਼ੰਡ ਉਗਰਾਹੁਣ ਤੇ ਹਾਈ ਕੋਰਟਾਂ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਣ?

ਪੰਜਾਬ ਦੇ ਵਿਗੜੇ ਹੋਏ ਸਕੂਲੀ ਸਿੱਖਿਆ ਤੰਤਰ ਨੂੰ ਥਾਂ ਸਿਰ ਕਰਨ ਲਈ ਜਿੱਥੇ ਸੂਝਵਾਨ ਸਿੱਖਿਆ ਸ਼ਾਸਤਰੀ ਦੀ ਅਗਵਾਈ 'ਚ ਨਵੀਂ ਸਿੱਖਿਆ ਪਾਲਸੀ ਬਣਾਉਣ ਦੀ ਲੋੜ ਹੈ, ਉੱਥੇ ਸਰਕਾਰੀ ਸਕੂਲਾਂ ਦੇ ਸੁਧਾਰ ਲਈ ਹੋਰ ਗੰਭੀਰ ਕਦਮ ਤੁਰੰਤ ਪੁੱਟਣ ਦੀ ਲੋੜ ਹੈ, ਜਿਨ੍ਹਾਂ ਵਿੱਚ ਸਖ਼ਤੀ ਨਾਲ ਸਰਕਾਰ ਵੱਲੋਂ ਆਪਣੇ ਕਰਮਚਾਰੀਆਂ, ਅਫ਼ਸਰਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਪੜ੍ਹਾਉਣ ਦਾ ਹੁਕਮ ਜਾਰੀ ਹੋਵੇ। ਪਬਲਿਕ ਸਕੂਲਾਂ, ਮਾਡਲ ਸਕੂਲਾਂ ਦੇ ਕੰਮਾਂ-ਕਾਰਾਂ ਨੂੰ ਨੱਥ ਪਾਉਣ ਲਈ ਇੱਕ ਸ਼ਕਤੀਸ਼ਾਲੀ ਸਿੱਖਿਆ ਅਥਾਰਟੀ ਦਾ ਗਠਨ ਹੋਵੇ ਅਤੇ ਉੱਚ ਸਿੱਖਿਆ ਸਮੇਤ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਜਵਾਬਦੇਹ ਬਣਾਉਣ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਸੂਬਾ ਸਰਕਾਰ ਵੱਲੋਂ ਜਾਰੀ ਹੋਣ; ਜਿਵੇਂ ਕੇਂਦਰ ਸਰਕਾਰ ਵੱਲੋਂ ਵੱਖੋ-ਵੱਖਰੀਆਂ ਸੰਸਥਾਵਾਂ ਯੂ ਜੀ ਸੀ, ਆਲ ਇੰਡੀਆ ਕੌਂਸਲ ਫ਼ਾਰ ਟੈਕਨੀਕਲ ਐਜੂਕੇਸ਼ਨ ਆਦਿ ਬਣਾ ਕੇ ਕਾਲਜਾਂ, ਟੈਕਨੀਕਲ ਕਾਲਜਾਂ, ਯੂਨੀਵਰਸਿਟੀਆਂ ਦੇ ਕੋਰਸਾਂ ਆਦਿ ਨੂੰ ਮਾਨਤਾ ਦੇਣ ਲਈ ਕੀਤਾ ਗਿਆ ਹੈ।

## ਫਰਕ

ਸਰਪੰਚ ਸੰਤਾ ਸਿੰਘ ਨੇ ਵੋਟਾਂ ਸਮੇਂ ਨਵੇਂ ਬਣੇ ਮੰਤਰੀ ਦੀ ਆਪਣੇ ਹਲਕੇ ਅੰਦਰ ਡੱਟ ਕੇ ਮਦਦ ਕੀਤੀ ਸੀ। ਜਿੱਥੇ ਕਿਤੇ ਵੀ ਕੋਈ ਰੈਲੀ ਹੁੰਦੀ ਸੰਤਾ ਸਿੰਘ ਪਿੰਡੋਂ ਵੱਧ ਤੋਂ ਵੱਧ ਲੋਕਾਂ ਦੀਆਂ ਟਰਾਲੀਆਂ ਭਰ ਕੇ ਆਪਣੇ ਮਹਿਬੂਬ ਨੇਤਾ ਦੇ ਸੁਆਗਤ ਲਈ ਲੈ ਕੇ ਜਾਂਦਾ। ਨੇਤਾ ਜੀ ਏਨਾ ਵੱਡਾ ਇਕੱਠ ਦੇਖ ਕੇ ਸੰਤਾ ਸਿੰਘ ਦੀ ਪ੍ਰਸੰਸਾ ਕਰਦੇ ਨਾ ਥਕਦੇ। ਸੰਤਾ ਸਿੰਘ ਨੂੰ ਆਪਣੇ ਮਹਿਬੂਬ ਮੰਤਰੀ ਦੀ ਨੇੜੇ ਦੇ ਸ਼ਹਿਰ ਵਿਚ ਆਉਣ ਦੀ ਭਿਣਕ ਪੈ ਗਈ। ਉਹ ਆਪਣੇ ਮਹਿਬੂਬ ਨੇਤਾ ਦੇ ਮੰਤਰੀ ਬਣਕੇ ਪਹਿਲੀ ਵਾਰ ਸ਼ਹਿਰ ਆਉਣ ਦੇ ਪਹਿਲਾਂ ਦੀ ਤਰ੍ਹਾਂ ਪਿੰਡੋਂ ਦੋ ਟਰਾਲੀਆਂ ਬੰਦਿਆਂ ਦੀਆਂ ਭਰ ਕੇ ਸੁਆਗਤ ਲਈ ਲੈ ਕੇ ਪਹੁੰਚ ਗਿਆ। ਉਸ ਦਾ ਅੱਜ ਅੰਦਰਲਾ ਬਹੁਤ ਖੁਸ਼ ਸੀ। ਗੇਂਦੇ ਦੇ ਫੁੱਲਾਂ ਵਾਲੇ ਹਾਰ ਉਸਨੇ ਸਾਰੇ ਬੰਦਿਆਂ ਨੂੰ ਫੜਾ ਦਿੱਤੇ ਸਨ। ਮੰਤਰੀ ਜੀ ਰੈਸਟ ਹਾਊਸ ਵਿਚੋਂ ਬਾਹਰ ਆਏ।

'ਆ ਭਾਈ ਸੰਤਾ ਸਿਆਂ ਕਿਵੇਂ ਆਏ?'

'ਪ੍ਰਧਾਨ ਜੀ, ਆਹ ਸੰਗਤ ਤੁਹਾਡੇ ਸੁਆਗਤ ਲਈ ਪਿੰਡੋਂ ਆਈ ਏ।' ਕੀ ਲੋੜ ਸੀ ਏਨਾ ਦਿਖਾਵਾ ਕਰਨ ਦੀ, ਤੂੰਹੀਓ ਆ ਜਾਂਦਾ ਤਾਂ ਵੀ ਇਕੋ ਗੱਲ ਸੀ।'

ਸੰਤਾ ਸਿੰਘ ਨੂੰ ਕੋਈ ਗੱਲ ਨਹੀਂ ਆ ਰਹੀ ਸੀ ਕਿ ਉਹ ਕੀ ਜਵਾਬ ਦੇਵੇ। ਮੰਤਰੀ ਨੇ ਸੰਤਾ ਸਿੰਘ ਦਾ ਹਾਰ ਫੜ੍ਹ ਕੇ ਆਪਣੇ ਪੀ.ਏ. ਨੂੰ ਫੜਾ ਬਾਕੀ ਲੋਕਾਂ ਦੇ ਹਾਰ ਇਕੱਠੇ ਕਰਨ ਦਾ ਇਸ਼ਾਰਾ ਕੀਤਾ। 'ਸੰਤਾ ਸਿਆਂ ਜਲਦੀ ਜਾਣਾ, ਕੋਈ ਜ਼ਰੂਰੀ ਕੰਮ ਏ, ਏਨਾ ਦਾ ਫੇਰ ਕਦੇ.....' ਕਹਿੰਦਿਆਂ ਮੰਤਰੀ ਗੱਡੀ 'ਚ ਬੈਠ ਗਿਆ ਅਤੇ ਹੂਟਰ ਮਾਰਦੇ ਓ ਗਏ.....ਓ ਗਏ.....।



ਮੇਜਰ ਸਿੰਘ ਨਾਭਾ
91-94635-53962

## ਸਟੇਟ ਬੈਂਕ ਪਟਿਆਲਾ ਨੂੰ ਸਟੇਟ ਬੈਂਕ ਇੰਡੀਆ ਵਿਚ ਕੀਤਾ ਮਰਜ

**ਭਿੱਖੀਵਿੰਡ (ਭੁਪਿੰਦਰ ਸਿੰਘ)**- ਕੇਂਦਰ ਸਰਕਾਰ ਵੱਲੋਂ ਸਟੇਟ ਬੈਂਕ ਇੰਡੀਆ ਦੀਆਂ ਦੂਸਰੀਆਂ ਬੈਂਕਾ ਨੂੰ ਵੀ 1 ਅਪ੍ਰੈਲ ਤੋਂ ਸਟੇਟ ਬੈਂਕ ਇੰਡੀਆ ਵਿਚ ਰਲੇਵਾ ਕਰ ਦੇਣ ਦੇ ਆਦੇਸ਼ 'ਤੇ ਅੱਜ ਕਸਬਾ ਭਿੱਖੀਵਿੰਡ ਸਥਿਤ ਸਟੇਟ ਬੈਂਕ ਪਟਿਆਲਾ ਵਿਖੇ ਆਖਰੀ ਦਿਨ ਬੈਂਕ ਦੇ ਮੈਨੇਜਰ ਸੰਜੇ ਬਜਾਜ, ਅਸਿਸਟੈਂਟ ਮੈਨੇਜਰ ਅਨੋਜ ਕੁਮਾਰ, ਵਰਿੰਦਰ




ਕੁਮਾਰ, ਮੈਡਮ ਸਮਰੀਤੀ ਸੰਧੂ, ਪੀ.ਐਨ ਤਿਵਾੜੀ, ਹਰਮੀਸ਼ ਸਿੰਘ ਗਾਰਡ ਆਦਿ ਬੈਂਕ ਮੁਲਾਜਮਾਂ ਵੱਲੋਂ ਬੈਂਕ ਦਾ ਅੰਤਿਮ ਦਿਵਸ ਮਨਾਇਆ ਗਿਆ। ਮੈਨੇਜਰ ਸੰਜੇ ਬਜਾਜ ਨੇ ਕਿਹਾ ਕਿ ਸਟੇਟ ਬੈਂਕ ਪਟਿਆਲਾ ਪਹਿਲਾਂ ਵੀ ਆਪਣੇ ਗਾਂਹਕਾ ਨੂੰ ਚੰਗੀਆਂ ਸੇਵਾਵਾਂ ਦਿੰਦਾ ਆ ਰਿਹਾ ਸੀ ਤੇ ਹੁਣ ਸਟੇਟ ਬੈਂਕ ਇੰਡੀਆ ਵਿਚ ਰਲ ਜਾਣ ਤੋਂ ਬਾਅਦ ਵੀ ਲੋਕਾਂ ਨੂੰ ਹੋਰ ਵੀ ਬੇਹਤਰ ਸਹੂਲਤਾਂ ਪ੍ਰਦਾਨ ਕਰੇਗਾ। ਉਹਨਾਂ ਨੇ ਲੋਕਾਂ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਬੈਂਕ ਦਾ ਨਾਮ ਭਾਂਵੇ ਬਦਲ ਗਿਆ ਹੈ, ਪਰ ਗਾਹਕਾਂ ਦੇ ਬੈਂਕ ਖਾਤੇ, ਏ.ਟੀ.ਐਮ ਕਾਰਡ, ਕਰੈਡਿਟ ਕਾਰਡ, ਇੰਟਰਨੈਟ ਬੈਂਕਿੰਗ ਪਹਿਲੇ ਹੀ ਰਹਿਣਗੇ। ਉਹਨਾਂ ਨੇ ਸਟੇਟ ਬੈਂਕ ਇੰਡੀਆ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਡੀ ਬਰਾਂਚ ਪੁਰਾਣੀ ਸਥਾਨ ਭਿੱਖੀਵਿੰਡ ਖੇਮਕਰਨ ਰੋਡ 'ਤੇ ਰਹੇਗੀ।

## ਸੁਰਿੰਦਰ ਕੌਰ ਦੇ ਸੇਵਾ ਮੁਕਤ ਵਿਦਾਇਗੀ ਤੇ ਕੀਤੀ ਬੱਚਿਆਂ ਦੇ ਭਵਿੱਖ ਦੀ ਚਿੰਤਾ

**ਗੁਰਾਇਆ (ਨਿਰਮਲ ਗੁੜਾ)**- ਨਜਦੀਕੀ ਪਿੰਡ ਗੁੜ੍ਹਾ ਦੇ ਸਰਕਾਰੀ ਮਿਡਲ ਸਕੂਲ ਵਿਖੇ ਸ਼੍ਰੀ ਮਤੀ ਸੁਰਿੰਦਰ ਕੌਰ ਵਲੋਂ ਬਤੌਰ ਡਰਾਇੰਗ ਅਧਿਆਪਕਾ ਵਜੋਂ ਸੇਵਾਵਾਂ ਨਿਭਾਉਣ ਤੋਂ ਮੁੱਕਤ ਹੋਣ ਤੇ ਸਕੂਲ ਸਟਾਫ, ਗ੍ਰਾਮ ਪੰਚਾਇਤ, ਮੈਨੇਜਮੈਂਟ ਕਮੇਟੀ ਅਤੇ ਵਿਦਿਆਰਥੀਆਂ ਦੇ ਮਾਪਿਆਂ ਵਲੋਂ ਸਕੂਲ ਮੁਖੀ ਸ਼੍ਰੀ ਮਦਨ ਲਾਲ ਦੀ ਅਗਵਾਈ ਵਿੱਚ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਪਹੁੰਚਣ ਤੇ ਮੈਡਮ ਸੁਰਿੰਦਰ ਕੌਰ ਅਤੇ ਉਹਨਾਂ ਦੇ ਪਤੀ ਮਾ. ਹਰਬੰਸ ਲਾਲ ਦਾ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।



ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਜਿਥੇ ਅੱਜ ਸ਼੍ਰੀ ਮਤੀ ਸੁਰਿੰਦਰ ਕੌਰ ਦੇ ਸੇਵਾ ਮੁਕਤ ਹੋਣ ਦੀ ਖੁਸ਼ੀ ਹੈ, ਉਥੇ ਹੀ ਸਕੂਲ ਵਿੱਚ ਇੱਕ ਅਧਿਆਪਕ ਦੀ ਹੋਣ ਜਾ ਰਹੀ ਕਮੀ ਦੀ ਚਿੰਤਾ ਵੀ ਹੈ। ਇਹ ਵੀ ਚਿੰਤਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੂਰੇ ਅਧਿਆਪਕ ਨਹੀਂ ਹਨ, ਜਿਥੋਂ ਅਧਿਆਪਕ ਰਿਟਾਇਰ ਹੋਣ ਤੇ ਸਰਕਾਰ ਵਲੋਂ ਤੁਰੰਤ ਖਾਲੀ ਅਸਾਮੀ ਨੂੰ ਭਰਨ ਦੇ ਕੋਈ ਯਤਨ ਨਹੀਂ ਕੀਤੇ ਜਾ ਰਹੇ। ਇਸ ਮੌਕੇ ਮੈਡਮ ਸੁਰਿੰਦਰ ਕੌਰ ਨੂੰ ਯਾਦਗਾਰੀ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਕਮਲਜੀਤ ਕੌਰ, ਲੈਕਚਰਾਰ ਮੱਖਣ ਰੱਤੂ, ਮਾ. ਅਸ਼ੋਕ ਕੁਮਾਰ, ਮਾ. ਕੇਵਲ ਰੌਸਨ, ਮਾ. ਲਖਮੀ ਦਾਸ, ਮਾ. ਸੂਰਜ ਕੁਮਾਰ, ਗੁਰਮੀਤ ਕੌਰ, ਗੁਰਪਾਲ ਕੌਰ, ਕਿਰਨਜੀਤ ਕੌਰ, ਕੁਲਦੀਪ ਕੌਰ, ਪ੍ਰਵੀਨ ਰਾਣੀ, ਲੰਬੜਦਾਰ ਜਸਵੀਰ ਸਿੰਘ, ਸਰਪੰਚ ਜਸਮਿੰਦਰ ਸਿੰਘ, ਪੰਚ ਦੇਸ ਰਾਜ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 9 ਅਪ੍ਰੈਲ 2017 (ਦਿਨ ਐਤਵਾਰ) ਨੂੰ ਵਿਖੇ **Gurughar Property 31252 Vasey Street, Union City, (CA)** ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਵਧਾਈਆਂ।



ਰਾਮ ਸਰੋਏ ਆਪਣੀ ਸੁਪਤਨੀ ਸੱਤਿਆ ਸਰੋਏ ਨਾਲ

# ਰਾਮ ਸਰੋਏ

**Broker/Realtor**

Business License 031035

**39039 Paseo Padre Parkway Suite # 205 Fremont, CA 94538**
**Office: (510) 742-8120, Cell; (510) 368-3983**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 9 ਅਪ੍ਰੈਲ 2017 (ਦਿਨ ਐਤਵਾਰ) ਨੂੰ ਵਿਖੇ **Gurughar Property 31252 Vasey Street, Union City, California** ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਵਧਾਈਆਂ।

**ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਦੀ ਬਾਣੀ ਨਾਲ ਜੁੜੀਏ।**

# ਵਿਨੋਦ ਕੁਮਾਰ ਚੁੰਬਰ

**510-953-9800**

ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




Left to right, Sahil Chumber, Reema Chumber, Parmjit Kaur Chumber, Vinod Kumar Chumber, Aman Chumber and Monika Chumber

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 9 ਅਪ੍ਰੈਲ 2017 (ਦਿਨ ਐਤਵਾਰ) ਨੂੰ **Gurughar Property 31252 Vasey Street, Union City, California** ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾ ਰਹੀ ਹੈ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਅਤੇ ਢਾਡੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬੁਲਾਰੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਚਾਨਣ ਪਾਉਣਗੇ। ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਸਹਿਜ ਪਾਠ 2 ਅਪ੍ਰੈਲ ਤੋਂ ਆਰਭ ਹਨ ਅਤੇ 9 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਗੁਰਬਾਣੀ ਕੀਰਤਨ ਨਾਲ ਆਪਣਾ ਜੀਵਨ ਸਫਲਾ ਕਰੋ ਜੀ।**

ਜੇਕਰ ਸੰਗਤ ਨੇ ਕਿਸੇ ਵੀ ਕਿਸਮ ਦੀ ਸੇਵਾ ਲੈਣੀ ਹੋਵੇ ਤਾਂ ਕਮੇਟੀ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜੀ

**ਕਮੇਟੀ ਮੈਂਬਰਾਂ ਦੇ ਫੋਨ ਨੰਬਰ:**

ਹਰਮੇਸ਼ ਮਦਾਰਾ 510-386-1702, ਕੇਵਲ ਸਿੰਘ 510-299-6418, ਵਿਨੋਦ ਕੁਮਾਰ ਚੁੰਬਰ 510-953-9800, ਸੰਤੋਖ ਸਿੰਘ ਸਰੋਇਆ 408-509-9697, ਸ਼ਿਵ ਸਿੱਧੂ 510-386-2715



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਕਮੇਟੀ ਮੈਂਬਰ ਅਤੇ ਹੋਰ

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 9 ਅਪ੍ਰੈਲ 2017 (ਦਿਨ ਐਤਵਾਰ) ਨੂੰ **Gurughar Property 31252 Vasey Street, Union City, California** ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਨਾਲ ਸਬੰਧਤ ਸਹਿਜ ਪਾਠ 2 ਅਪ੍ਰੈਲ ਤੋਂ ਆਰਭ ਹਨ ਅਤੇ 9 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

ਇਸ ਮੌਕੇ ਪੰਥ ਪ੍ਰਸਿੱਧ ਰਾਗੀ ਅਤੇ ਢਾਡੀ ਜਥੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਨਾਲ ਨਿਹਾਲ ਕਰਨਗੇ

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

**ਜੇਕਰ ਸੰਗਤ ਨੇ ਕਿਸੇ ਵੀ ਕਿਸਮ ਦੀ ਸੇਵਾ ਲੈਣੀ ਹੋਵੇ ਤਾਂ ਕਮੇਟੀ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜੀ। ਗੁਰੂ ਘਰ ਦਾ ਪ੍ਰਾਜੈਕਟ ਪੂਰੀ ਤਨਦੇਹੀ ਨਾਲ ਚੱਲ ਰਿਹਾ ਹੈ, ਇਸ ਸਬੰਧੀ ਕਿਸੇ ਕਿਸਮ ਦੇ ਸਹਿਯੋਗ ਅਤੇ ਜਾਣਕਾਰੀ ਲਈ ਸੰਪਰਕ ਕਰੋ:**

| ਹਰਮੇਸ਼ ਮਦਾਰਾ | ਕੇਵਲ ਸਿੰਘ | ਵਿਨੋਦ ਕੁਮਾਰ ਚੁੰਬਰ |
|---|---|---|
| 510-386-1702 | 510-299-6418 | 510-953-9800 |

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

Harmesh Modhara (Chairman)
510-386-1702
Vinod Kumar Chumber (Vice chairman)
510-953-9800

Kewal Singh 510-299-6418 (President)
Mohinder Singh Mahi (Vice President)
Ajaib Singh Sunda (Vice President)
Kewal Singh Samplay (Auditor)

Santokh Singh Saroya
(General secretary) 408-509-9697
Amarjit Singh Mahi (Assistant secretary)
Shiv Sidhu 510-386-2715 (Treasure)
Surinder Soni (Assistant Treasure)
Tarlochan Singh Badhan (Assistant Treasure)

**ਬੇਨਤੀ ਕਰਤਾ- ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ**



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 9 ਅਪ੍ਰੈਲ 2017 (ਦਿਨ ਐਤਵਾਰ) ਨੂੰ ਵਿਖੇ **Gurughar Property 31252 Vasey Street, Union City, California** ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਦੀ ਬਾਣੀ ਨਾਲ ਜੁੜੀਏ।



# ਹਰਮੇਸ਼ ਮਦਾਰਾ

**510-386-1702**

ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ
(ਕੈਲੇਫੋਰਨੀਆ)

# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla  Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**

# TANDOOR

**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days
11 AM to 10 PM

Contact Us:

**Ph. 510-885-1212**
**Fax. 510-885-1532**

# ਕੀ ਮੋਦੀ ਭਾਰਤ ਵਰਸ਼ ਦੇ ਸੰਕਲਪ ਨਾਲ ਉੱਕਾ ਹੀ ਮੇਲ ਨਹੀ ਖਾਂਦੇ?


ਯੋਗੇਂਦਰ ਯਾਦਵ

ਇਹ ਉਹ ਸਚਾਈ ਹੈ ਜਿਸ ਦਾ ਸਾਨੂੰ ਸਭ ਨੂੰ ਸਾਹਮਣਾ ਕਰਨਾ ਪੈਣਾ ਹੈ। ਵਿਧਾਨ ਸਭਾ ਚੋਣਾਂ ਦੇ ਸਨਸਨੀਖੇਜ਼ ਨਤੀਜਿਆਂ ਤੋਂ ਕੌਮੀ ਸਿਆਸਤ ਵਿੱਚ ਨਵੇਂ ਦੌਰ ਦੀ ਆਮਦ ਦੇ ਸੰਕੇਤ ਮਿਲੇ ਹਨ। ਭਾਰਤੀ ਜਨਤਾ ਪਾਰਟੀ ਹੁਣ ਕੇਵਲ ਕੇਂਦਰ ਅਤੇ ਕੁਝ ਸੂਬਿਆਂ ਵਿੱਚ ਸੱਤਾਧਾਰੀ ਪਾਰਟੀ ਹੀ ਨਹੀਂ ਰਹੀ। ਹੁਣ ਇਹ ਅਜਿਹਾ ਧਰੁਵ ਹੈ, ਜਿਸ ਦੇ ਦੁਆਲੇ ਰਾਸ਼ਟਰੀ ਸਿਆਸਤ ਸੰਗਠਤ ਹੋ ਰਹੀ ਹੈ। ਇਸ ਪਾਰਟੀ ਦੀ ਪ੍ਰਧਾਨਤਾ ਰਾਸ਼ਟਰੀ ਸਿਆਸਤ ਵਿੱਚ ਮਜ਼ਬੂਤ ਹੋ ਗਈ ਹੈ। ਸ੍ਰੀ ਨਰਿੰਦਰ ਮੋਦੀ ਨੂੰ ਹੁਣ ਦੇਸ਼ ਵਿੱਚ ਬਿਲਕੁਲ ਉਹੋ ਜਿਹਾ ਸਥਾਨ ਹਾਸਲ ਹੈ, ਜਿਹੜਾ ਕਿਸੇ ਵੇਲੇ ਸ੍ਰੀਮਤੀ ਇੰਦਰਾ ਗਾਂਧੀ ਦਾ ਹੁੰਦਾ ਸੀ।

ਇਹ ਅਜਿਹਾ ਕੌੜਾ ਸੱਚ ਹੈ, ਜਿਸ ਨੂੰ ਨਿਗਲਣਾ ਬਹੁਤ ਮੁਸ਼ਕਲ ਹੈ। ਜਿਹੜੇ ਇਸ ਵੇਲੇ ਸ੍ਰੀ ਮੋਦੀ ਦੇ 'ਨਵੇਂ ਭਾਰਤ' ਦੇ ਦ੍ਰਿਸ਼ਟੀਕੋਣ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਦੀ ਸਥਿਤੀ ਕਸੂਤੀ ਬਣੀ ਹੋਈ ਹੈ। ਮੈਂ ਇਸੇ ਵਰਗ ਨਾਲ ਸਬੰਧਤ ਹਾਂ। ਮੈਂ ਇਹੋ ਆਖਦਾ ਰਿਹਾ ਹਾਂ ਕਿ ਸ੍ਰੀ ਮੋਦੀ ਭਾਰਤ ਵਰਸ਼ ਦੇ ਸੰਕਲਪ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ। ਉਹ ਤਾਂ ਇਸ ਸੰਕਲਪ ਦੇ ਉੱਕਾ ਹੀ ਵਿਰੋਧੀ ਹਨ। ਪਰ ਉਨ੍ਹਾਂ ਦੀ ਸਿਆਸਤ ਨੂੰ ਪਸੰਦ ਜਾਂ ਨਾਪਸੰਦ ਕਰਨਾ ਵੱਖਰੀ ਚੀਜ਼ ਹੈ ਅਤੇ ਅੱਜ ਉਨ੍ਹਾਂ ਦਾ ਕੀ ਸਥਾਨ ਹੈ, ਉਸ ਦਾ ਮੁਲੰਕਣ ਕਰਨਾ ਬਿਲਕੁਲ ਵੱਖਰੀ ਗੱਲ ਹੈ। ਇੱਥੇ ਸ੍ਰੀ ਮੋਦੀ ਦੇ ਆਲੋਚਕ ਹਕੀਕਤ ਤੋਂ ਮੁਨਕਰ ਹੋਣ ਦੇ ਦੋਸ਼ੀ ਹਨ। ਪਿਛਲੇ ਦੋ ਵਰ੍ਹਿਆਂ ਤੋਂ ਉਨ੍ਹਾਂ ਦੇ ਮਨਾਂ ਵਿੱਚ ਇਹੋ ਆਸ ਬਣੀ ਰਹੀ ਹੈ ਕਿ ਮੋਦੀ ਦਾ ਸ਼ਾਸਨ ਮੋਦੀ ਦੇ ਆਪਣੇ (ਪਾਪਾਂ ਦੇ) ਵਜ਼ਨ ਹੇਠਾਂ ਢਹਿ-ਢੇਰੀ ਹੋ ਕੇ ਰਹਿ ਜਾਵੇਗਾ। ਸਾਲ 2015 ਵਿਚ ਦਿੱਲੀ ਅਤੇ ਫਿਰ 2016 ਵਿਚ ਬਿਹਾਰ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਮਿਲੀ ਕਰਾਰੀ ਹਾਰ ਕਾਰਨ ਉਨ੍ਹਾਂ ਨੂੰ ਵੱਡੀ ਤਸੱਲੀ ਜ਼ਰੂਰ ਮਿਲੀ ਸੀ। ਵਿਰੋਧੀ ਧਿਰ ਦੇ ਆਗੂਆਂ ਨੂੰ ਇਹ ਵੀ ਆਸ ਸੀ ਕਿ ਨੋਟਬੰਦੀ ਤੋਂ ਬਾਅਦ ਤਾਂ ਜ਼ਰੂਰ ਮੋਦੀ ਨੂੰ ਆਪਣੇ ਕੀਤੇ ਦੀ ਸਜ਼ਾ ਮਿਲੇਗੀ। ਪਰ ਸਪਸ਼ਟ ਹੈ ਕਿ ਅਜਿਹਾ ਕੁਝ ਨਹੀਂ ਵਾਪਰਿਆ। ਭਾਰਤੀ ਜਨਤਾ ਪਾਰਟੀ ਦਾ ਕਿਸੇ ਵੀ ਤਰ੍ਹਾਂ ਦਾ ਗੰਭੀਰ ਵਿਰੋਧ ਇਸੇ ਸੱਚਾਈ ਨੂੰ ਮੰਨਣ ਤੋਂ ਹੀ ਸ਼ੁਰੂ ਹੁੰਦਾ ਹੈ।

ਪ੍ਰਭਾਵ ਵਧਣ ਤੋਂ ਭਾਵ ਕੇਵਲ ਸ਼ਕਤੀਸ਼ਾਲੀ ਹੋਣਾ ਹੀ ਨਹੀਂ ਹੈ। ਇਹ ਪ੍ਰਭਾਵ ਉਚਿਤ ਸ਼ਕਤੀ ਨਾਲ ਵਧ ਰਿਹਾ ਹੈ। ਜੇ ਅੱਜ ਭਾਰਤੀ ਜਨਤਾ ਪਾਰਟੀ ਦਾ ਪ੍ਰਭਾਵ ਵਧ ਰਿਹਾ ਹੈ, ਤਾਂ ਇਹ ਇਸ ਲਈ ਹੈ ਕਿ ਇਸ ਦੀ ਅਥਾਹ ਸ਼ਕਤੀ ਨੂੰ ਆਮ ਲੋਕਾਂ ਦਾ ਸਮਰਥਨ ਹਾਸਲ ਹੈ। ਪ੍ਰਧਾਨ ਮੰਤਰੀ ਕੇਵਲ ਉਸ ਤਰ੍ਹਾਂ ਦੇ ਹਰਮਨਪਿਆਰੇ ਹੀ ਨਹੀਂ ਹਨ, ਜਿਵੇਂ ਕਿ ਜ਼ਿਆਦਾਤਰ ਪ੍ਰਧਾਨ ਮੰਤਰੀ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿੱਚ ਹੁੰਦੇ ਹਨ। ਸ੍ਰੀ ਮੋਦੀ ਨੇ ਰਾਸ਼ਟਰੀ ਕਲਪਨਾ ਉੱਤੇ ਆਪਣਾ ਕਬਜ਼ਾ ਕਰ ਲਿਆ ਹੈ ਅਤੇ ਇਸ ਪੱਖੋਂ ਉਨ੍ਹਾਂ ਦੇ ਮੇਚ ਦਾ ਅਜਿਹਾ ਕੋਈ ਵੀ ਆਗੂ ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਨਹੀਂ ਆਇਆ। ਆਮ ਲੋਕਾਂ ਦੀ ਸਮਝ ਨੂੰ ਹੁਣ ਭਾਰਤੀ ਜਨਤਾ ਪਾਰਟੀ ਆਕਾਰ ਤੇ ਰੂਹ ਬਖ਼ਸ਼ ਰਹੀ ਹੈ।

ਭਾਰਤੀ ਜਨਤਾ ਪਾਰਟੀ ਦੇ ਪ੍ਰਭਾਵ ਤੇ ਚੌਧਰ ਦੇ ਤਿੰਨ ਭਾਗ ਹਨ। ਪਹਿਲਾ, ਇਸ ਨੂੰ ਇੰਨੀ ਜ਼ਿਆਦਾ ਤਾਕਤ ਹਾਸਲ ਹੈ ਜਿੰਨੀ ਕਿ ਬਹੁਤ ਘੱਟ ਕੇਂਦਰ ਸਰਕਾਰਾਂ ਕੋਲ ਰਹੀ ਹੈ। ਕੁਝ ਸਰਕਾਰਾਂ ਨੇ ਹੀ ਉਚਿਤ ਰਾਜਕੀ ਸ਼ਕਤੀ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਹੈ। ਕਾਂਗਰਸ ਤੋਂ ਉਲਟ, ਭਾਰਤੀ ਜਨਤਾ ਪਾਰਟੀ ਸਰਕਾਰੀ ਸੰਸਥਾਵਾਂ ਨੂੰ ਆਪਣੇ ਦਬਦਬੇ ਹੇਠਾਂ ਰੱਖਣ ਲਈ ਆਪਣੀ ਕਾਰਜਕਾਰੀ ਸ਼ਕਤੀ ਦੀ ਵਰਤੋਂ ਕਰਦੀ ਆ ਰਹੀ ਹੈ। ਸਿੱਖਿਆ ਤੋਂ ਲੈ ਕੇ ਸਭਿਆਚਾਰ ਅਤੇ ਰੱਖਿਆ ਤੱਕ ਸਭ ਖੇਤਰਾਂ ਵਿੱਚ ਮੋਦੀ ਸਰਕਾਰ ਨੇ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਵਿਸ਼ੇਸ਼ ਅਧਿਕਾਰੀਆਂ ਦੀ ਨਿਯੁਕਤੀ ਕਰ ਦਿੱਤੀ ਹੈ। ਇਹ ਸਰਕਾਰ ਆਪਣੀ ਕਾਨੂੰਨੀ ਸ਼ਕਤੀ ਦੀ ਵੀ ਆਖ਼ਰੀ ਹੱਦ ਤੱਕ ਵਰਤੋਂ ਕਰਦੀ ਹੈ ਅਤੇ ਜਿਹੜੇ ਫ਼ੈਸਲੇ ਉਸ ਨੂੰ ਪ੍ਰਵਾਨ ਨਹੀਂ ਹੁੰਦੇ, ਉਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ ਜਾਂਦਾ ਹੈ। ਅਰੁਣਾਚਲ ਤੇ ਉਤਰਾਖੰਡ ਵਿੱਚ ਸੂਬਾਈ ਸਰਕਾਰਾਂ ਨੂੰ ਲਾਂਭੇ ਕਰਨਾ, ਗੋਆ ਤੇ ਮਣੀਪੁਰ ਵਿੱਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਕਾਇਮ ਕਰਨ ਦੀ ਤਾਜ਼ਾ ਕੋਸ਼ਿਸ਼, ਅਜਿਹੇ ਕਾਨੂੰਨ ਲਾਗੂ ਕਰਨ ਲਈ ਰਾਜ ਸਭਾ ਨੂੰ ਬਾਈਪਾਸ ਕਰਨਾ ਕਿ ਤਾਂ ਜੋ ਵਿਰੋਧੀ ਧਿਰ ਕਿਤੇ ਆਪਣੀ ਨਾ ਪੁਗਾ ਜਾਵੇ ਕੁਝ ਅਜਿਹੀਆਂ ਹੀ ਉਦਾਹਰਣਾਂ ਹਨ। ਸੱਤਾਧਾਰੀ ਪਾਰਟੀ ਇਹ ਸਭ ਕਰਨ ਲਈ ਹਿੰਸਾ ਦਾ ਵੀ ਪ੍ਰਯੋਗ ਕਰਦੀ ਹੈ, ਡਰਾਉਂਦੀ-ਧਮਕਾਉਂਦੀ ਵੀ ਹੈ; ਜਿਸ ਤੋਂ ਸੰਜੇ ਗਾਂਧੀ ਬ੍ਰਿਗੇਡ ਦੀ ਦਹਿਸ਼ਤ ਵੀ ਚੇਤੇ ਆਉਂਦੀ ਹੈ। ਦੇਸ਼ ਭਰ ਦੇ ਵਿੱਦਿਅਕ ਅਦਾਰਿਆਂ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਦੇ ਹੰਗਾਮੇ ਅਤੇ ਅਧਿਕਾਰਾਂ ਲਈ ਲੜਨ ਵਾਲੇ ਕਾਰਕੁਨਾਂ ਵਿਰੁੱਧ ਹਿੰਸਕ ਘਟਨਾਵਾਂ ਤਾਂ ਹੁਣ ਆਮ ਜਿਹੀ ਗੱਲ ਬਣ ਕੇ ਰਹਿ ਗਈ ਹੈ। ਭਾਰਤੀ ਜਨਤਾ ਪਾਰਟੀ ਦੀ ਸਰਦਾਰੀ ਦਾ ਦੂਜਾ ਭਾਗ ਹੈ ਚੋਣਾਂ ਵਿੱਚ ਇਸ ਦਾ ਪ੍ਰਭਾਵ, ਜੋ ਪਿਛਲੇ ਹਫ਼ਤੇ ਇੱਕ ਨਵੇਂ ਸਿਖ਼ਰ 'ਤੇ ਪੁੱਜ ਗਿਆ ਹੈ। ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਇਸ ਦੀ ਜਿੱਤ ਦਾ ਮਹੱਤਵ ਇਸ ਵੱਲੋਂ ਕੇਵਲ ਵਧੇਰੇ ਗਿਣਤੀ ਵਿੱਚ ਅਣਕਿਆਸੀਆਂ ਸੀਟਾਂ ਹਾਸਲ ਕਰ ਲੈਣਾ ਹੀ ਨਹੀਂ ਹੈ। 2014 'ਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਸ਼ਾਨਦਾਰ ਸੀ। ਅਸਲ ਨੁਕਤਾ ਇਹ ਹੈ ਕਿ ਉਹ ਅਜਿਹੇ ਸੂਬੇ ਦੀ ਵਿਧਾਨ ਸਭਾ ਚੋਣ ਵਿੱਚ ਆਪਣੀ ਉਹੋ ਜਿਹੀ ਜਿੱਤ ਨੂੰ ਦੁਹਰਾਉਣ ਵਿੱਚ ਵੀ ਸਫ਼ਲ ਰਹੀ ਹੈ, ਜਿੱਥੇ ਸਰਕਾਰ-ਵਿਰੋਧੀ ਭਾਵਨਾ ਇੰਨੀ ਮਜ਼ਬੂਤ ਨਹੀਂ ਸੀ ਅਤੇ ਜਿੱਥੇ ਭਾਜਪਾ ਨੇ ਸੂਬਾ ਪੱਧਰ ਉੱਤੇ ਕਿਸੇ ਲੀਡਰਸ਼ਿਪ ਨੂੰ ਅੱਗੇ ਵੀ ਨਹੀਂ ਲਿਆਂਦਾ ਸੀ। ਉਂਜ, ਮੋਦੀ ਗੋਆ ਵਿੱਚ ਆਪਣੀ ਪਾਰਟੀ ਤੇ ਪੰਜਾਬ ਵਿੱਚ ਆਪਣੀ ਭਾਈਵਾਲ ਪਾਰਟੀ ਵਿਰੋਧੀ ਭਾਵਨਾਵਾਂ ਨੂੰ ਖ਼ਤਮ ਕਰਨ ਤੋਂ ਨਾਕਾਮ ਰਹੇ ਹਨ। ਮਣੀਪੁਰ ਵਿੱਚ ਭਾਜਪਾ ਦਾ ਸ਼ਕਤੀਸ਼ਾਲੀ ਪ੍ਰਵੇਸ਼ (ਜਦੋਂਕਿ ਆਸਾਮ ਵਿੱਚ ਉਸ ਦੀ ਪਹਿਲਾਂ ਹੀ ਜਿੱਤ ਹਾਸਲ ਹੋ ਚੁੱਕੀ ਹੈ), ਉੜੀਸਾ ਵਿੱਚ ਉਸ ਨੂੰ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਆਸਾਂ ਨਾਲੋਂ ਵੱਧ ਕਾਮਯਾਬੀ ਮਿਲਣਾ, ਦੱਖਣੀ ਸੂਬਿਆਂ ਵਿੱਚ ਉਸ ਦਾ ਪ੍ਰਭਾਵ ਵਧਣਾ ਅਤੇ ਉਸ ਤੋਂ ਪਹਿਲਾਂ ਹਰਿਆਣਾ ਤੇ ਮਹਾਰਾਸ਼ਟਰ ਵਿੱਚ ਹਾਸਲ ਹੋਈਆਂ ਜਿੱਤਾਂ ਨੇ ਉਸ ਨੂੰ ਰਾਸ਼ਟਰ ਪੱਧਰ ਉੱਤੇ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣਾ ਦਿੱਤਾ ਹੈ। ਕਾਂਗਰਸ ਹੁਣ ਕੇਵਲ ਕੁਝ ਕੁ ਸੂਬਿਆਂ ਤੱਕ ਸੀਮਤ ਹੋ ਕੇ ਰਹਿ ਗਈ ਹੈ ਤੇ ਉਸ ਦਾ ਪ੍ਰਭਾਵ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ। ਪਿਛਲੇ ਦਸ ਵਰ੍ਹਿਆਂ ਦੌਰਾਨ ਜੋ ਪੁਜ਼ੀਸ਼ਨ ਕਾਂਗਰਸ ਦੀ ਸੀ, ਉਹ ਹੁਣ ਭਾਜਪਾ ਨੇ ਹਥਿਆ ਲਈ ਹੈ।



ਤੀਜਾ ਭਾਗ ਹੈ ਲੋਕਾਂ ਦਾ ਇਸ ਸਰਕਾਰ ਨੂੰ ਨੈਤਿਕ ਅਤੇ ਵਿਚਾਰਧਾਰਕ ਤੌਰ ਉੱਤੇ ਪ੍ਰਵਾਨ ਕਰ ਲੈਣਾ। ਪ੍ਰਧਾਨ ਮੰਤਰੀ ਭਾਵੇਂ ਆਪਣੇ ਮੁੱਢਲੇ ਸਮੇਂ ਦੀ ਹਰਮਨਪਿਆਰਤਾ ਤੋਂ ਅਗਲੇ ਦੌਰ ਵਿੱਚ ਦਾਖ਼ਲ ਹੋ ਗਏ ਹਨ ਪਰ ਉਨ੍ਹਾਂ ਦੀ ਇਸ ਹਰਮਨਪਿਆਰਤਾ ਵਿੱਚ ਹੋਰ ਵਾਧਾ ਹੀ ਹੋਇਆ ਹੈ। ਨੋਟਬੰਦੀ ਦੀਆਂ ਔਖਿਆਈਆਂ ਵਿੱਚੋਂ ਬਚ ਕੇ ਨਿਕਲਣ ਦੀ ਉਨ੍ਹਾਂ ਦੀ ਯੋਗਤਾ ਇਹੋ ਦਰਸਾਉਂਦੀ ਹੈ ਕਿ ਆਮ ਲੋਕ ਉਨ੍ਹਾਂ ਉੱਤੇ ਲਗਾਤਾਰ ਭਰੋਸਾ ਕਰ ਰਹੇ ਹਨ ਅਤੇ ਉਨ੍ਹਾਂ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਇਹ ਵੀ ਸਪਸ਼ਟ ਹੈ ਕਿ ਬਿਰਲਾ-ਸਹਾਰਾ ਮਾਮਲੇ ਵਿੱਚ ਹੋਏ ਇੰਕਸ਼ਾਫ਼ਾਂ ਦੇ ਬਾਵਜੂਦ ਉਨ੍ਹਾਂ ਉੱਤੇ ਕੋਈ ਦਾਗ਼ ਨਹੀਂ ਲੱਗ ਸਕਿਆ। ਉਹ ਆਮ ਜਨਤਾ ਨੂੰ ਇਹ ਜਚਾਉਣ ਵਿੱਚ ਸਫ਼ਲ ਰਹੇ ਹਨ ਕਿ ਉਹ ਜੋ ਕੁਝ ਵੀ ਕਰ ਰਹੇ ਹਨ, ਉਹ ਰਾਸ਼ਟਰੀ ਹਿੱਤ ਵਿੱਚ ਹੈ ਅਤੇ ਉਹ ਸਿਆਸੀ ਪਾਰਟੀਆਂ ਵੱਲੋਂ ਪੱਖਪਾਤ ਤੇ ਸੌੜੇ ਹਿੱਤਾਂ ਲਈ ਲੜੀਆਂ ਜਾ ਰਹੀਆਂ ਲੜਾਈਆਂ ਤੋਂ ਉੱਤੇ ਹਨ। ਨੋਟਬੰਦੀ ਦੇ ਮੁੱਦੇ ਉੱਤੇ ਮੋਦੀ ਆਪਣੇ ਉਹ ਵਿਆਖਿਆਨ ਵੀ ਆਮ ਲੋਕਾਂ ਨੂੰ ਜਚਾਉਣ ਵਿੱਚ ਸਫ਼ਲ ਰਹੇ ਕਿ ਉਨ੍ਹਾਂ ਨੇ ਇਹ ਕਦਮ ਕਾਲਾ ਧਨ ਲੁਕਾ ਕੇ ਰੱਖਣ ਵਾਲਿਆਂ ਵਿਰੁੱਧ ਚੁੱਕਿਆ ਹੈ। ਇੱਕ ਅਜਿਹੀ ਪਾਰਟੀ, ਜਿਸ ਦਾ ਕਦੇ ਵੀ ਭਾਰਤ ਦੇ ਆਜ਼ਾਦੀ ਸੰਘਰਸ਼ ਨਾਲ ਕੋਈ ਵਾਹ-ਵਾਸਤਾ ਨਹੀਂ ਰਿਹਾ, ਉਹ ਹੁਣ ਆਮ ਨਾਗਰਿਕ ਦੇ ਰਾਸ਼ਟਰਵਾਦ ਦੇ ਸੰਕਲਪ ਨੂੰ ਆਪਣੇ ਹਿਸਾਬ ਨਾਲ ਢਾਲ ਰਹੀ ਹੈ।

ਇਸ ਉਚਿਤਤਾ ਦੀਆਂ ਤਿੰਨ ਪ੍ਰਮੁੱਖ ਸੀਮਾਵਾਂ ਹਨ। ਭਾਜਪਾ ਦੀ ਉਚਿਤਤਾ ਦੇ ਘੇਰੇ ਵਿੱਚ ਸਮੁੱਚਾ ਦੇਸ਼ ਨਹੀਂ ਆਉਂਦਾ। ਘੱਟ-ਗਿਣਤੀਆਂ ਇਸ ਤੋਂ ਪੂਰੀ ਤਰ੍ਹਾਂ ਬਾਹਰ ਹਨ। ਇਹੀ ਨਹੀਂ ਹੈ ਕਿ ਘੱਟ-ਗਿਣਤੀਆਂ ਸ੍ਰੀ ਮੋਦੀ ਨੂੰ ਕੋਈ ਬਹੁਤੇ ਉਤਸ਼ਾਹ ਨਾਲ ਹੁੰਗਾਰਾ ਨਹੀਂ ਦੇ ਰਹੀਆਂ; ਸਗੋਂ ਸ੍ਰੀ ਮੋਦੀ ਆਪ ਵੀ ਅਸਲ ਵਿੱਚ ਉਨ੍ਹਾਂ, ਖ਼ਾਸ ਕਰ ਕੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਅੱਖੋਂ ਪਰੋਖੇ ਕਰ ਰਹੇ ਹਨ। ਉਨ੍ਹਾਂ ਦੀ ਉਚਿਤਤਾ ਬਹੁਗਿਣਤੀ ਹਿੰਦੂ ਭਾਈਚਾਰੇ ਵਿੱਚ ਸਥਾਪਤ ਹੋਈ ਹੈ ਕਿਉਂਕਿ ਉਹ ਇਹੋ ਦਰਸਾਉਂਦੇ ਰਹੇ ਹਨ ਕਿ ਉਹ ਮੁਸਲਮਾਨਾਂ ਦੀ ਕੋਈ ਪਰਵਾਹ ਨਹੀਂ ਕਰਦੇ। ਸਾਨੂੰ ਇਹ ਵੀ ਨੋਟ ਕਰਨ ਦੀ ਲੋੜ ਹੈ ਕਿ ਇਹ ਹਰਮਨ ਪਿਆਰੀ ਪ੍ਰਵਾਨਗੀ ਕੋਈ ਸਹਿਜ-ਸੁਭਾਵਿਕ ਨਹੀਂ ਹੈ। ਪ੍ਰਧਾਨ ਮੰਤਰੀ ਨੂੰ ਹਰ ਪਾਸੇ ਪ੍ਰਵਾਨਗੀ ਦਾ ਦਿਖਾਵਾ ਕਰਨ ਲਈ ਤੱਥਾਂ ਨੂੰ ਤਰੋੜਿਆ-ਮਰੋੜਿਆ ਜਾ ਰਿਹਾ ਹੈ, ਅਕਸ ਨੂੰ ਜਾਣ-ਬੁੱਝ ਕੇ ਸੁਧਾਰ ਕੇ ਪੇਸ਼ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤੇ ਮੀਡੀਆ ਨੂੰ ਆਪਣੇ ਹਿਸਾਬ ਨਾਲ ਚਲਾਇਆ ਜਾ ਰਿਹਾ ਹੈ। ਐਮਰਜੈਂਸੀ ਦੇ ਦਿਨਾਂ ਦੇ ਬਾਅਦ ਮੀਡੀਆ ਉੱਤੇ ਇੰਨਾ ਸਰਕਾਰੀ ਦਬਾਅ ਪਹਿਲਾਂ ਕਦੇ ਵੀ ਨਹੀਂ ਪਿਆ, ਜਿੰਨਾ ਅੱਜ ਹੈ। ਅਜਿਹੇ ਅਖੌਤੀ ਪ੍ਰਭਾਵ ਛੇਤੀ ਹੀ ਢਹਿਢੇਰੀ ਹੋ ਜਾਇਆ ਕਰਦੇ ਹਨ। ਪਰ ਹਾਲ ਦੀ ਘੜੀ ਅਜਿਹੇ ਯਤਨਾਂ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ ਪਰ ਜਦੋਂ ਵੀ ਅਸਲੀਅਤ ਸਾਹਮਣੇ ਆਉਣ ਲੱਗੀ, ਤਾਂ ਇਹ ਸਭ ਤਾਸ਼ ਦੇ ਪੱਤਿਆਂ ਵਾਂਗ ਕਿਰ ਕੇ ਰਹਿ ਜਾਣਾ ਹੈ। ਅਤੇ ਆਖਰ ਵਿਚ, ਇਸ ਹਰਮਨਪਿਆਰਤਾ ਦਾ ਕੋਈ ਬਾਹਰਮੁਖੀ ਆਧਾਰ ਨਹੀਂ ਹੈ।

ਆਰਥਿਕ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ, ਪਿੰਡਾਂ ਦੇ ਜੀਵਨ ਦੀਆਂ ਔਖਿਆਈਆਂ ਲਗਾਤਾਰ ਜਾਰੀ ਹਨ ਅਤੇ ਬੇਰੁਜ਼ਗਾਰੀ ਵਿੱਚ ਕਿਤੇ ਕੋਈ ਕਮੀ ਨਹੀਂ ਆ

**(ਬਾਕੀ ਅਗਲੇ ਸਫੇ ਤੇ)**

# ਮਨੁੱਖੀ ਖੁਸ਼ਹਾਲੀ ਵਧੀਆ ਲੋਕਤੰਤਰ 'ਤੇ ਨਿਰਭਰ


ਮਾਸਟਰ
ਨਿਰਮਲ ਸਿੰਘ ਲਾਲੀ
530-777-0955

ਕਿਸੇ ਵੀ ਦੇਸ਼ ਦੀ ਉਨਤੀ ਉਸ ਦੇਸ਼ ਦੇ ਵਿਸ਼ੇਸ਼ ਵਿਅਕਤੀਆਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਲੋਕਾਂ ਦਾ ਸਦਕਾ ਹੀ ਲੋਕਾਂ ਦਾ ਜੀਵਨ ਸੁਖਮਈ, ਸ਼ਾਂਤ ਤੇ ਖੁਸ਼ਹਾਲ ਹੋ ਸਕਦਾ ਹੈ। ਇਹ ਵਿਸ਼ੇਸ਼ ਵਿਅਕਤੀ ਹਨ ਜਿਵੇਂ ਰਾਜਨੀਤਿਕ, ਪ੍ਰਬੰਧਕ, ਧਾਰਮਿਕ ਆਗੂ, ਅਧਿਆਪਕ, ਪੱਤਰਕਾਰ, ਨਿਆਂਪਾਲਿਕਾ, ਪੁਲਿਸ ਤੇ ਸਾਹਿਤਕਾਰ।

**ਰਾਜਨੀਤਿਕ:** ਪਹਿਲਾਂ ਗੱਲਾਂ ਰਾਜਨੀਤਿਕਾਂ ਦੀ ਕਰਦੇ ਹਾਂ। ਇਕ ਚੰਗਾ ਰਾਜਨੀਤਿਕ ਕਿਹੜਾ ਹੈ, ਜਿਹੜਾ ਆਪਣੇ ਫਰਜ਼ ਪ੍ਰਤੀ ਸੁਹਿਰਦ ਹੋਵੇ ਤੇ ਲੋਕਾਂ ਬਾਰੇ ਠੀਕ ਤਰ੍ਹਾਂ ਸੋਚ ਸਕੇ ਭਾਵ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਅਤੇ ਸਮੱਸਿਆਵਾਂ ਬਾਰੇ ਸੋਚੇ। ਜਿਸ ਮਨੁੱਖ ਦੇ ਹਿਰਦੇ ਵਿਚ ਮਨੁੱਖਤਾ ਲਈ ਪਿਆਰ ਅਤੇ ਮਨੁੱਖੀ ਪੀੜਾ ਦਾ ਉਸ ਵਿਚ ਅਹਿਸਾਸ ਹੈ ਭਾਵ ਰਾਜਨੀਤਿਕ ਮਾਨਵਵਾਦੀ ਹੋਣਾ ਚਾਹੀਦਾ ਹੈ। ਸੱਤਾ ਦਾ ਭੁੱਖਾ ਅਤੇ ਮਾਇਆਧਾਰੀ ਮਨੁੱਖ ਕਦੀ ਵੀ ਚੰਗਾ ਰਾਜਨੀਤਿਕ ਨਹੀਂ ਹੋ ਸਕਦਾ ਅਤੇ ਉਹ ਜਨਤਾ ਦਾ ਕੁਝ ਵੀ ਸੁਆਰ ਨਹੀਂ ਸਕਦਾ। ਅੱਜਕਲ੍ਹ ਰਾਜਨੀਤਿਕਾਂ ਵਿਚ ਨਿਘਾਰ ਆਉਣ ਦਾ ਕਾਰਨ ਵੀ ਇਹੋ ਹੈ ਕਿ ਯੋਗ ਮਨੁੱਖ ਰਾਜਨੀਤਿਕ ਖੇਤਰ ਵਿਚ ਨਹੀਂ ਆ ਰਹੇ। ਕਿੰਨੇ ਸੰਸਦ ਮੈਂਬਰ ਪੈਸੇ ਦੇ ਸਕੈਂਡਲ ਕਰਦੇ ਟਰਮੀਨੇਟ ਕੀਤੇ ਗਏ ਹਨ, ਕਿੰਨਿਆਂ ਨੂੰ ਸਜ਼ਾ ਹੋ ਚੁੱਕੀ ਹੈ ਅਤੇ ਸਾਂਸਦਾਂ ਤੇ ਵਿਧਾਇਕਾਂ 'ਤੇ ਕੋਰਟਾਂ ਅੰਦਰ ਕੇਸ ਚੱਲ ਰਹੇ ਹਨ। ਰਾਜਨੀਤਿਕ ਕਿਰਦਾਰ ਪੱਖੋਂ ਭਾਵ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਦਾ ਵੀ ਧਾਰਨੀ ਹੋਣਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਵੀ ਫੁਰਮਾਉਂਦੇ ਹਨ:-

ਸੱਚ ਹੂ ਉਰੇ ਸੁੱਭ ਕੋ, ਸੱਚ ਉਪਰ ਆਚਾਰ।।

ਪੁਲਿਸ, ਪ੍ਰਬੰਧਕ ਅਤੇ ਕਰਮਚਾਰੀ: ਲੋਕ ਰਾਜ ਵਿਚ ਕਰਮਚਾਰੀ ਜਨਤਾ ਦੇ ਸੇਵਕ ਹੋਇਆ ਕਰਦੇ ਹਨ ਅਤੇ ਪ੍ਰਬੰਧਕ ਵੀ ਇਵੇਂ ਯੋਗ ਵਿਅਕਤੀ ਤੇ ਸੂਝ-ਬੂਝ ਵਾਲੇ ਹੋਣੇ ਚਾਹੀਦੇ ਹਨ। ਉਹ ਕੰਮ ਦੇ ਕਰਿੰਦੇ, ਮਿਹਨਤੀ ਤੇ ਈਮਾਨਦਾਰ ਹੋਣ।

ਸਾਨੂੰ ਯੂਰਪ ਦੇ ਦੇਸ਼ਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ, ਉਥੋਂ ਦੇ ਕਰਮਚਾਰੀ ਕਿੰਨੇ ਮਿਹਨਤੀ, ਈਮਾਨਦਾਰ ਤੇ ਕਿੰਨੇ ਸੱਭਿਅਕ ਤਰੀਕੇ ਨਾਲ ਜਨਤਾ ਨਾਲ ਪੇਸ਼ ਆਉਂਦੇ ਹਨ, ਜਿਸ ਕਰਕੇ ਇਨ੍ਹਾਂ ਦੇਸ਼ਾਂ ਨੇ ਉਨਤੀ ਕੀਤੀ ਹੈ।

**ਧਾਰਮਿਕ ਆਗੂ:** ਧਰਮ ਦਾ ਸਾਡੀ ਜ਼ਿੰਦਗੀ ਵਿਚ ਬਹੁਤ ਡੂੰਘਾ ਸਬੰਧ ਹੈ। ਧਰਮ ਨੇ ਮਨੁੱਖੀ ਜੀਵਨ ਲਈ ਸੇਧ ਦੇਣੀ ਹੁੰਦੀ ਹੈ। ਧਰਮ ਦਾ ਸਬੰਧ ਜਿੱਥੇ ਪ੍ਰਮਾਤਮਾ ਦੀ ਪ੍ਰਾਪਤੀ ਕਰਨ ਦਾ ਸਾਧਨ ਹੈ, ਉਥੇ ਹੀ ਧਰਮ ਦਾ ਸਬੰਧ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਵੀ ਹੈ। ਪਰ ਅੱਜਕਲ੍ਹ ਧਰਮ ਵਿਚ ਜੋ ਕਮਜ਼ੋਰੀਆਂ ਆ ਚੁੱਕੀਆਂ ਹਨ, ਜੇਕਰ ਅਸੀਂ ਇਨ੍ਹਾਂ ਤਰੁੱਟੀਆਂ ਨੂੰ ਦੂਰ ਨਾ ਕੀਤਾ ਤਾਂ ਧਰਮ ਵਿਚ ਬਹੁਤ ਗਿਰਾਵਟ ਆ ਜਾਵੇਗੀ ਅਤੇ ਮਨੁੱਖ ਸਦਾਚਾਰਕ ਜੀਵਨ ਤੋਂ ਦੂਰ ਚਲੇ ਜਾਣਗੇ। ਦਾਰਸ਼ਨਿਕ ਅਗਿਆਤ ਦਾ ਕਹਿਣਾ ਹੈ ਕਿ ਧਰਮ ਦੇ ਹੁੰਦਿਆਂ ਵੀ ਦੁਨੀਆਂ ਵਿਚ ਕਿੰਨੇ ਕਮੀਨੇ ਲੋਕ ਹਨ ਪਰ ਜੇਕਰ ਧਰਮ ਨਾ ਹੁੰਦਾ ਤਾਂ ਫਿਰ ਦੁਨੀਆਂ ਦਾ ਕੀ ਬਣਦਾ।

ਅੱਜ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਜਾ ਰਹੇ ਹਾਂ ਤੇ ਧਾਰਮਿਕ ਖੇਤਰ ਵਿਚ ਵੀ ਬਹੁਤ ਨਿਘਾਰ ਆ ਚੁੱਕਾ ਹੈ। ਇਹ ਸਭ ਕੁਝ ਠੀਕ ਤਾਂ ਹੀ ਹੋ ਸਕਦਾ ਹੈ ਜੇਕਰ ਸਾਡੇ ਧਾਰਮਿਕ ਆਗੂ ਸੱਚ-ਮੁੱਚ ਹੀ ਧਰਮੀ ਹੋਣ ਪਰ ਅਜਿਹਾ ਨਹੀਂ ਹੈ, ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ ਭਾਵ ਉਹ ਆਪਣੇ ਗੁਰੂਆਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਨਹੀਂ ਗੁਜ਼ਾਰ ਰਹੇ ਤੇ ਲੋਕਾਂ 'ਤੇ ਉਨ੍ਹਾਂ ਦਾ ਪ੍ਰਭਾਵ ਕੀ ਪੈਣਾ ਹੈ। ਇਸੇ ਤਰ੍ਹਾਂ ਹੀ ਪ੍ਰਚਾਰਕਾਂ, ਕਥਾਵਾਚਕਾਂ ਤੇ ਗ੍ਰੰਥੀਆਂ ਦਾ ਕਿਰਦਾਰ ਵੀ ਉੱਚਾ ਤੇ ਸੁੱਚਾ ਚਾਹੀਦਾ ਹੈ।

ਪੱਤਰਕਾਰ: ਸੱਚ ਤੇ ਇਨਸਾਫ ਦੀ ਖਾਤਰ ਜਾਨ ਦੀ ਬਾਜ਼ੀ ਵੀ ਲਾਉਣੀ ਪੈਂਦੀ ਹੈ। ਇਸ ਲਈ ਇਕ ਚੰਗਾ ਪੱਤਰਕਾਰ ਉਹੀ ਹੈ ਜਿਹੜਾ ਹੱਕ-ਸੱਚ ਤੇ ਇਨਸਾਫ ਦੇ ਰਾਹ 'ਤੇ ਚੱਲੇ ਤੇ ਨਿਰਪੱਖ ਹੋ ਕੇ ਕਿਸੇ ਵੀ ਵਿਸ਼ੇ ਬਾਰੇ ਆਪਣੇ ਵਿਚਾਰ ਦੇਵੇ।

ਅੱਜਕਲ੍ਹ ਪੱਤਰਕਾਰੀ ਵੀ ਦੋ ਭਾਗਾਂ ਵਿਚ ਵੰਡੀ ਹੋਈ ਹੈ। ਇਕ ਤਾਂ ਸੱਚ 'ਤੇ ਪੈਹਰਾ ਦੇ ਰਹੇ ਹਨ ਤੇ ਉਹ ਪੱਖਪਾਤ ਤੋਂ ਰਹਿਤ ਹਨ ਅਤੇ ਅਜਿਹਾ ਕਰਦੇ ਹੋਏ ਕਈਆਂ ਨੂੰ ਸ਼ਹਾਦਤਾਂ ਵੀ ਦੇਣੀਆਂ ਪਈਆਂ ਹਨ ਪਰ ਅਜਿਹੇ ਥੋੜ੍ਹੇ ਹਨ ਤੇ ਬਹੁਤੇ ਪੱਖਪਾਤੀ ਤੇ ਆਪਣੇ ਧੜੇ ਨਾਲ ਖੜ੍ਹਦੇ ਹਨ ਨਾ ਕਿ ਸੱਚ ਨਾਲ। ਸੱਚੀ ਪੱਤਰਕਾਰੀ ਸਮਾਜ ਦਾ ਬਹੁਤ ਸੁਧਾਰ ਕਰ ਸਕਦੀ ਹੈ, ਜੇਕਰ ਪੱਤਰਕਾਰ ਮਾਨਵਵਾਦੀ ਹੋਣ ਭਾਵ ਜਿਨ੍ਹਾਂ ਦੇ ਦਿਲ ਵਿਚ ਮਨੁੱਖਤਾ ਲਈ ਹਮਦਰਦੀ ਅਤੇ ਪਿਆਰ ਹੈ।

**ਨਿਆਂਪਾਲਿਕਾ:** ਕਿਸੇ ਵੀ ਦੇਸ਼ ਦੀ ਉਨਤੀ ਤੇ ਮਨੁੱਖਤਾ ਦੇ ਭਲੇ ਲਈ ਬਹੁਤ ਅਹਿਮ ਰੋਲ ਅਦਾ ਕਰ ਸਕਦੀ ਹੈ। ਆਰਥਿਕ ਪੱਖ ਇੰਨਾ ਜ਼ਰੂਰੀ ਨਹੀਂ ਜੇਕਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ ਤੇ ਮਨੁੱਖ ਦੀ ਇੱਜਤ, ਜਾਨ ਮਹਿਫੂਜ ਹੈ ਤੇ ਜਨਤਾ ਨੂੰ ਨਿਆਂਪਾਲਿਕਾ ਵੱਲੋਂ ਇਨਸਾਫ ਮਿਲ ਜਾਵੇ ਤਾਂ ਮਨੁੱਖੀ ਜੀਵਨ ਬਹੁਤ ਹੁਣ ਤੱਕ ਸੁਹਾਵਣਾ ਹੋ ਸਕਦਾ ਹੈ। ਇਹ ਤਾਂ ਹੀ ਸਭ ਕੁਝ ਹੋ ਸਕਦਾ ਹੈ ਜੇਕਰ ਜੱਜ ਵੀ ਇਮਾਨਦਾਰ ਤੇ ਮਾਨਵਵਾਦੀ ਹੋਣ ਅਤੇ ਉੱਚੇ ਤੇ ਸੁੱਚੇ ਕਿਰਦਾਰ ਦੇ ਮਾਲਕ ਹੋਣ ਨਾ ਕਿ ਮਾਇਆਧਾਰੀ। ਮਾਇਆਧਾਰੀ ਮਨੁੱਖ ਕਦੀ ਵੀ ਇਨਸਾਫ ਨਹੀਂ ਦੇ ਸਕਦਾ।

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਜਿੱਥੇ ਅੱਜ ਤੱਕ ਭਾਰਤ ਦੀ ਨਿਆਂਪਾਲਿਕਾ'ਤੇ ਉਂਗਲੀ ਉੱਠਦੀ ਰਹੀ ਹੈ ਕਿ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ, ਉਥੇ ਭਾਰਤ ਦੀ ਨਿਆਂਪਾਲਿਕਾ ਨੇ ਕੁਝ ਦੇਸ਼ਾਂ ਵਿਚ ਪੂਰਾ ਇਨਸਾਫ ਦੇ ਕੇ ਇਸ ਗੱਲ ਨੂੰ ਗਲਤ ਸਿੱਧ ਕਰ ਦਿੱਤਾ ਤੇ ਲੋਕਾਂ ਨੂੰ ਅਸਚਰਜ ਕਰ ਦਿੱਤਾ। ਜੇਕਰ ਇਸੇ ਤਰ੍ਹਾਂ ਹੀ ਨਿਆਂਪਾਲਿਕਾ ਲੋਕਾਂ ਨੂੰ ਇਨਸਾਫ ਦਿੰਦੀ ਰਹੀ ਤਾਂ ਲੋਕਾਂ ਨੂੰ ਨਿਆਂਪਾਲਿਕਾ 'ਤੇ ਹੋਰ ਵੀ ਵਿਸ਼ਵਾਸ, ਇਨਸਾਫ ਪ੍ਰਤੀ ਪੱਕਾ ਹੋ ਜਾਏਗਾ ਕਿਉਂਕਿ ਹੁਣ ਇਹ ਗੱਲ ਸਿੱਧ ਹੋ ਗਈ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਤੇ ਅਮੀਰ ਆਦਮੀ ਵੀ ਦੋਸ਼ ਤੋਂ ਮੁਕਤ ਨਹੀਂ ਹੋ ਸਕਦਾ।

**ਸਾਹਿਤਕਾਰ:** ਸਾਹਿਤ ਦੀ ਵੀ ਸਮਾਜ ਵਿਚ ਬੜੀ ਮਹਾਨਤਾ ਹੈ। ਚੰਗਾ ਸਾਹਿਤ ਵੀ ਸਮਾਜ ਵਿਚ ਬਹੁਤ ਪਰਿਵਰਤਨ ਲਿਆ ਸਕਦਾ ਹੈ ਪਰ ਜੇਕਰ ਸਾਹਿਤ ਮਨੁੱਖੀ ਜੀਵਨ ਤੇ ਸਮਾਜ ਦੇ ਨੇੜੇ ਹੋਵੇ। ਚੰਗਾ ਸਾਹਿਤ ਸਮਾਜ ਲਈ ਬਹੁਤ ਹੀ ਕਲਿਆਣਕਾਰੀ ਤੇ ਗੁਣਕਾਰੀ ਹੁੰਦਾ ਹੈ ਤੇ ਸਮਾਜ ਤੋਂ ਦੂਰ ਦੇ ਸਾਹਿਤ ਦਾ ਕੋਈ ਲਾਭ ਨਹੀਂ ਹੁੰਦਾ।

ਸਾਹਿਤ ਕਿਸੇ ਵੀ ਵਿਚਾਰਧਾਰਾ ਅਧੀਨ ਲਿਖਿਆ ਗਿਆ ਹੋਵੇ, ਜਿਹੜਾ ਸਾਹਿਤ ਇੰਨਾ ਲਾਭਦਾਇਕ ਨਹੀਂ ਹੁੰਦਾ ਸਗੋਂ ਮਨੁੱਖ ਨੂੰ ਗੁੰਮਰਾਹ ਕਰਦਾ ਹੈ। ਘੱਟੋ ਘੱਟ ਸਾਹਿਤ ਜਾਂ ਕੋਈ ਵੀ ਰਚਨਾ ਪੜ੍ਹਨਯੋਗ ਤਾਂ ਹੋਵੇ ਭਾਵ ਮਨ ਨੂੰ ਟੁੰਬਦੀ ਹੋਵੇ ਪਰ ਕਈ ਰਚਨਾਵਾਂ ਤਾਂ ਇੰਨੀਆਂ ਲੱਚਰ ਤੇ ਅਸ਼ਲੀਲ ਹੁੰਦੀਆਂ ਹਨ ਕਿ ਉਹਨਾਂ ਨੂੰ ਪੜ੍ਹਨ ਲੱਗਿਆਂ ਤਾਂ ਮਨੁੱਖ ਨੂੰ ਉਲਟੀਆਂ ਆਉਣ ਲੱਗ ਪੈਂਦੀਆਂ ਹਨ।

ਇਕ ਚੰਗਾ ਲੇਖਕ ਹੋਣਾ ਹੋਰ ਗੱਲ ਹੈ ਤੇ ਇਕ ਵਧੀਆ ਮਨੁੱਖ ਹੋਣਾ ਹੋਰ ਗੱਲ ਹੈ। ਕਹਾਣੀਕਾਰ ਸੁਜਾਨ ਸਿੰਘ ਨੇ ਨਾਵਲਕਾਰ ਨਾਨਕ ਸਿੰਘ ਨੂੰ ਉਹਨਾਂ ਦੀ ਸ਼ਰਧਾਂਜਲੀ ਸਮਾਗਮ 'ਤੇ ਕਿਹਾ ਸੀ ਕਿ ਲੇਖਕ ਬਣਨਾ ਸੌਖਾ ਹੈ ਪਰ ਇਕ ਚੰਗਾ ਇਨਸਾਨ ਬਣਨਾ ਔਖਾ ਹੈ। ਉਹਨਾਂ ਕਿਹਾ ਸੀ ਕਿ ਨਾਨਕ ਸਿੰਘ ਇਕ ਬਹੁਤ ਵਧੀਆ ਇਨਸਾਨ ਸਨ ਕਿਉਂਕਿ ਉਹ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਇਸ ਲਈ ਵਧੀਆ ਸਾਹਿਤਕਾਰ ਹੋਣ ਦੇ ਨਾਲ-ਨਾਲ ਜੇਕਰ ਸਾਹਿਤਕਾਰ ਉੱਚੇ ਤੇ ਸੁੱਚੇ ਕਿਰਦਾਰ ਦਾ ਮਾਲਕ ਵੀ ਹੋਵੇ ਤਾਂ ਫਿਰ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਇਸ ਤਰ੍ਹਾਂ ਸੰਖੇਪ ਵਿਚ ਆਖ ਸਕਦੇ ਹਾਂ ਕਿ ਸਰਕਾਰੀ ਮਸ਼ੀਨਰੀ ਕਈ ਪੁਰਜਿਆਂ ਨਾਲ ਬਣੀ ਹੋਈ ਹੈ ਤੇ ਹਰ ਇਕ ਪੁਰਜਾ ਆਪਣੇ ਥਾਂ ਠੀਕ ਠਾਕ ਕੰਮ ਕਰੇ ਤਾਂ ਹੀ ਉਹ ਸਰਕਾਰ ਰੂਪੀ ਮਸ਼ੀਨ ਮਨੁੱਖਤਾ ਦਾ ਕੁਝ ਸੁਆਰ ਸਕਦੀ ਹੈ। ਜਿੱਥੇ ਰਾਜਨੀਤਿਕ, ਅਧਿਆਪਕ, ਧਾਰਮਿਕ ਆਗੂ, ਪੁਲਿਸ, ਨਿਆਂਪਾਲਿਕਾ, ਪ੍ਰਬੰਧਕ, ਪੱਤਰਕਾਰ ਤੇ ਸਾਹਿਤਕਾਰ ਯੋਗ ਤੇ ਉੱਚੇ ਤੇ ਸੁੱਚੇ ਕਿਰਦਾਰ ਵਾਲੇ ਹੋਣੇ ਚਾਹੀਦੇ ਹਨ, ਇਵੇਂ ਹੀ ਦੇਸ਼ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਹੋਣੇ ਚਾਹੀਦੇ ਹਨ।

# ਸਿਧਾਂਤਕ ਪ੍ਰਚਾਰ ਦਾ ਵਿਰੋਧ ਕਿਉਂ?



ਅਵਤਾਰ ਸਿੰਘ ਮਿਸ਼ਨਰੀ
510-432-5827

ਅੱਜ ਕੱਲ ਭਾਈ ਰਣਜੀਤ ਸਿੰਘ ਢੱਡਰੀਆਂ ਅਤੇ ਵਿਦਵਾਨਾਂ ਵੱਲੋਂ ਕੀਤੇ ਸਿਧਾਂਤਕ ਪ੍ਰਚਾਰ ਦਾ ਪੁਜਾਰੀ ਜਥੇਦਾਰਾਂ ਅਤੇ ਸੰਪ੍ਰਾਈਆਂ ਵੱਲੋਂ ਵਿਰੋਧ ਕਿਉਂ ਹੋ ਰਿਹਾ ਹੈ ਬਾਰੇ ਕੁਝ ਧਿਆਨ ਮੰਗਦੇ ਵਿਚਾਰ ਇਸ ਪ੍ਰਕਾਰ ਹਨ-

ਡੇਰਾਵਾਦੀ, ਕਰਮਕਾਂਡੀ, ਸੰਪ੍ਰਦਾਈ ਸੀਨਾ-ਬਸੀਨਾਂ ਦੇ ਬਹਾਨੇਬਾਜ, ਗੁੱਸਾਖੋਰ ਕ੍ਰੋਧੀਆਂ ਦਾ ਟਕਰਾ ਸ਼ੁਰੂ ਤੋਂ ਹੀ ਸੱਚ ਬੋਲਣ, ਪ੍ਰਚਾਰਨ ਵਾਲੇ ਨਿਮਰਤਾਵਾਨ ਵਿਦਵਾਨ ਗੁਰਮੁਖਾਂ ਨਾਲ ਰਿਹਾ ਹੈ। ਇਤਿਹਾਸ ਵਿੱਚ ਇਸ ਦੀਆਂ ਮਿਸਾਲਾਂ ਮਿਲਦੀਆਂ ਹਨ। ਜੀਸਸ ਦਾ ਵਿਰੋਧ ਤੇ ਸੂਲੀ ਟੰਗਣਾ, ਸਰਮਦ ਨੂੰ ਸੰਗਸਾਰ ਕਰਨਾ, ਗਲੀਲੀਓ ਦੀ ਜਬਾਨ ਬੰਦ ਕਰਨੀ, ਹੰਕਾਰੀ ਜਾਰਿਆਂ ਤੇ ਧਰਮ ਪੰਡਿਤਾਂ ਦਾ ਰੱਬੀ ਭਗਤਾਂ ਨਾਲ ਟਕਰਾਓ ਤੇ ਤਸੀਹੇ ਦੇਣੇ। ਸਚ ਕੀ ਬਾਣੀ ਆਖਣ ਵਾਲੇ ਬਾਬਾ ਨਾਨਕ ਜੀ ਨੂੰ ਇੱਟੇ ਵੱਟੇ ਮਾਰਨੇ, ਸ੍ਰੀਚੰਦ ਨੂੰ ਬਾਗੀ ਕਰਨਾ, ਹਮਾਯੂੰ ਦਾ ਗੁਰੂ ਅੰਗਦ ਤੇ ਤਲਵਾਰ ਕੱਢਣਾ ਤੇ ਦਾਤੂ ਦਾ ਗੁਰੂ ਅਰਦਾਸ ਨੂੰ ਲੱਤ ਮਾਰਨਾਂ, ਚੰਦੂ, ਬੀਰਬਲ ਤੇ ਜਹਾਂਗੀਰ ਤੜਿਕੀ ਦਾ ਸ਼ਾਂਤੀਪੁੰਜ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਸ਼ਹੀਦ ਕਰਨਾ, ਗੁਰੂ ਤੇਗ ਬਹਾਦਰ ਦੇ ਬਰਾਬਰ ਬਾਬੇ ਬਕਾਲੇ 22 ਗੱਦੀਆਂ ਖੜੀਆਂ ਕਰਨੀਆਂ ਤੇ ਦਿੱਲ੍ਹੀ ਵਿਖੇ ਸੀਸ ਕੱਟਣਾਂ, ਸਿੱਖਾਂ ਨੂੰ ਆਰੇ ਨਾਲ ਚੀਰਨਾਂ, ਸਾੜਨਾ, ਉਬਾਲਣਾ, ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਚ ਚਿਣਨਾ, ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟਣੇ, ਉਦਾਸੀ ਨਿਰਮਲਿਆਂ ਦਾ ਗੁਰਧਾਮਾਂ ਤੇ ਕਾਬਜ ਹੋਣਾ, ਮਹੰਤਾਂ ਤੇ ਡੋਗਰਿਆਂ ਨੇ ਮਿਲ ਸਿੱਖ ਰਾਜ ਨਾਲ ਧੋਖਾ ਕਰਨਾ, ਨਨਕਾਣਾ ਸਾਹਿਬ ਜੰਡਾਂ ਨਾਲ ਸਾੜਨਾ ਤੇ ਕੰਜਰੀਆਂ ਨਚਾਉਣਾ, ਦਰਬਾਰ ਸਾਹਿਬ ਅਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ ਹੋ ਮਰਯਾਦਾ ਵਿਗਾੜਨੀ ਅਤੇ ਊਚ-ਨੀਚ ਪੈਦਾ ਕਰਨੀ, ਗੁਰਮੁਖ ਤੇ ਤੇਜ-ਤਰਾਰ ਬੁੱਧੀਜੀਵੀ ਵਿਦਵਾਨ ਭਾਈ ਦਿੱਤ ਸਿੰਘ ਨੂੰ ਜੁੱਤੀਆਂ ਚ ਬੈਠਾਉਣਾ, ਪ੍ਰਕਰਮਾਂ ਵਿੱਚ ਅਖੌਤੀ ਦੇਵੀਆਂ ਦੇਵਤਿਆਂ ਦੀਆਂ ਮੂਰਤਾਂ ਰੱਖਣਾ, ਦਰਬਾਰ ਸਾਹਿਬ ਚੋਂ ਬੀਬੀਆਂ ਦਾ ਕੀਰਤਨ ਬੰਦ ਕਰਨਾ, ਚੌਥੇ ਪਉੜੀਏ ਕਹਿ ਖੰਡੇ ਦੀ ਪਹੁਲ ਅਲੱਗ ਦੇਣਾ, ਡੇਰੇ ਤੇ ਟਕਸਾਲਾਂ ਪੈਦਾ ਕਰਨੀਆਂ, ਗੁਰੂ ਗ੍ਰੰਥ ਸਾਹਿਬ ਬਰਾਬਰ ਅਖੌਤੀ ਦਸਮ ਗ੍ਰੰਥ ਖੜਾ ਕਰਨਾ, ਗੁਰਮਤਿ ਵਿਰੋਧੀ ਗ੍ਰੰਥਾਂ ਦੀ ਗੁਰਦੁਆਰਿਆਂ ਵਿੱਚ ਧੱਕੇ ਨਾਲ ਕਥਾ ਕਰਨੀ, ਮਨਮੱਤਾਂ, ਕਰਾਮਾਤਾਂ ਅਤੇ ਥੋਥੇ ਕਰਮਕਾਂਡਾਂ ਦਾ ਤਲਵਾਰ ਦੇ ਜੋਰ ਨਾਲ ਪ੍ਰਚਾਰ ਕਰਨਾਂ, ਸੱਚੀ ਬਾਣੀ ਦਾ ਪ੍ਰਚਾਰ ਕਰਨ ਵਾਲੇ ਵਿਦਵਾਨਾਂ, ਲਿਖਾਰੀਆਂ ਅਤੇ ਪ੍ਰਚਾਰਕਾਂ ਨੂੰ ਪੰਥ ਚੋਂ ਛੇਕਣਾ ਜਾਂ ਛੇਕਣ ਦੀਆਂ ਧਮਕੀਆਂ ਦੇਣੀਆਂ ਜਿਵੇਂ ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ, ਤੱਤ ਗੁਰਮਤੀਏ ਪ੍ਰੋ, ਤੇਜਾ ਸਿੰਘ, ਗਿ. ਭਾਗ ਸਿੰਘ ਅੰਬਾਲਾ, ਸ੍ਰ. ਗੁਰਬਖਸ਼ ਸਿੰਘ ਕਾਲਾ ਅਫਗਾਨਾ, ਸ੍ਰ. ਜੋਗਿੰਦਰ ਸਿੰਘ ਸਪੋਕਸਮੈਨ, ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ, ਸ੍ਰ. ਇੰਦਰ ਸਿੰਘ ਘੱਗਾ ਅਤੇ ਪ੍ਰੋ. ਸਰਬਜੀਤ ਸਿੰਘ ਧੂੰਦਾ ਆਦਿਕ ਚੋਂ ਕੁਝ ਨੂੰ ਛੇਕਣਾਂ ਅਤੇ ਬਾਕੀਆਂ ਦੀ ਜਬਾਨ ਬੰਦ ਕਰਨ ਲਈ ਧਮਕੀਆਂ ਦੇਣੀਆਂ, ਗੁਰਬਾਣੀ ਵਿਚਾਰ ਦੀ ਥਾਂ ਗਿਣਤੀ ਦੇ ਤਾਂਤ੍ਰਿਕ ਪਾਠ ਕਰਨੇ, ਕੌਮ ਨੂੰ ਮੰਤ੍ਰ ਜਾਪਾਂ ਤੇ ਭੋਰਿਆਂ ਵਿੱਚ ਉਲਝਾਉਣਾ, ਸਰੋਵਰਾਂ ਦੇ ਪਾਣੀ ਨੂੰ ਅੰਮ੍ਰਿਤ ਪ੍ਰਚਾਰਨਾ, ਪੈਰਾਂ ਦੇ ਧੋਣ ਨੂੰ ਚਰਨਾਮ੍ਰਿਤ ਕਹਿਣਾ, ਵਿਗਿਆਨ ਦੀਆਂ ਸਹੂਲਤਾਂ ਮਾਣਦੇ ਵੀ ਇਸ ਦਾ ਵਿਰੋਧ ਕਰਨਾ, ਬੇਲੋੜੀ ਸੁੱਚ ਭਿੱਟ ਪੈਦਾ ਕਰਕੇ, ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨਾ, ਦੁਨੀਆਂ ਭਰ ਦੀਆਂ ਬੋਲੀਆਂ ਅਤੇ ਇਲੈਕਟ੍ਰੌਨਿਕ ਮੀਡੀਏ ਤੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਪ੍ਰਚਾਰ ਤੇ ਵਿਸਥਾਰ ਦਾ ਵਿਰੋਧ ਕਰਨਾ ਆਦਿਕ ਕਈ ਕਾਰਨ ਹਨ।

ਅੱਜ ਕੱਲ ਡੇਰੇਦਾਰ ਸੰਤ ਤੋਂ ਗੁਰਮਤਿ ਪ੍ਰਚਾਰਕ ਬਣੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਲੱਕ ਬੰਨ੍ਹ ਕੇ, ਛਬੀਲਾਂ ਲਾ ਸਾਥੀ ਮਾਰ, ਡਾਂਗਾਂ ਸੋਟਿਆਂ ਅਤੇ ਮਜਾਰਿਆਂ ਨਾਲ ਵਿਰੋਧ ਕਰਨਾ ਡੇਰਾਵਾਦੀਆਂ ਦੀਆਂ ਸਿੱਖ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਸਲੀ ਸੱਚ ਵਿਚਾਰ ਨਾਲੋਂ ਧੱਕੇ, ਧੌਂਸ, ਸੰਤਾਂ ਗ੍ਰੰਥਾਂ ਤੇ ਸੀਨਾ ਬਸੀਨਾ ਸੰਪ੍ਰਦਾਈਆਂ ਦੀ ਮਰਯਾਦਾ ਥੋਪਣਾ, ਮਨਘੜਤ ਸਾਖੀਆਂ, ਇਸੇ ਹੀ ਕੜੀ ਦੀਆਂ ਖਤਰਨਾਕ ਨਿਸ਼ਾਨੀਆਂ ਹਨ। ਬਿਪਰ ਬਾਣਾਧਾਰੀ ਹੋ ਬਹੁਤੀਆਂ ਸਿੱਖ ਜਥੇਬੰਦੀਆਂ ਵਿੱਚ ਘੁਸੜ ਆਗੂ ਬਣ ਚੁੱਕਾ ਹੈ। ਉਹ ਵਿਚਾਰਾਂ ਨਾਲ ਤਾ ਗੁਰਮਤਿ ਦਾ ਕੁਝ ਵਿਗਾੜ ਨਹੀਂ ਸਕਦਾ ਸਗੋਂ ਵਕਤੀ ਸਰਕਾਰਾਂ ਅਤੇ ਹਥਿਆਰਾਂ ਦਾ ਆਸਰਾ ਲੈ, ਥੋਥੇ ਕਰਮਕਾਂਡਾਂ, ਅੰਧਵਿਸ਼ਵਾਸ਼ਾਂ, ਮਾਲਾ ਤਸਬੀਆਂ, ਜੋਤਾਂ-ਧੂਪਾਂ, ਭੋਰਿਆਂ-ਮੱਠਾਂ, ਹੇਰਾਫੇਰੀਆਂ, ਛੂਆ-ਛਾਤਾਂ, ਜਾਤ-ਪਾਤਾਂ, ਊਚ-ਨੀਚ, ਅਮੀਰ-ਗਰੀਬ ਦੇ ਪਾੜੇ ਆਦਿਕ ਵਿਰੁੱਧ ਖੜੀ ਹੋਈ ਸਿੱਖੀ ਦੀ ਗੁਰਮਤਿ ਲਹਿਰ ਨੂੰ ਬ੍ਰਾਹਮਣਵਾਦ, ਭਗਵਾਵਾਦ, ਸੰਤ ਸੰਪ੍ਰਦਾਈ ਡੇਰਾਵਾਦ, ਪੁਜਾਰੀਵਾਦ, ਅਣਹੋਣੀਆਂ ਕਰਾਮਾਤਾਂ, ਆਪੋ ਆਪਣੇ ਸੰਤਾਂ ਮਹੰਤਾਂ ਅਤੇ ਅੰਧਵਿਸ਼ਵਾਸ਼ਾਂ ਰਾਹੀ ਪੈਦਾ ਕੀਤੇ ਡਰਾਵੇ ਨਾਲ ਦਬਾ ਕੇ ਰੱਖਣਾ ਚਾਹੁੰਦਾ ਹੈ ਤਾਂ ਕਿ ਪੂਜਾ ਪ੍ਰਤਿਸ਼ਟਾ, ਭੇਟਾ, ਤਰ੍ਹਾਂ ਤਰ੍ਹਾਂ ਦੀਆਂ ਕੀਮਤੀ ਸਮਗਰੀਆਂ ਅਤੇ ਗੋਲਕਾਂ ਰਾਹੀਂ ਸ਼ਰਧਾ ਦੇ ਨਾਂ ਤੇ ਸੰਗਤਾਂ ਨੂੰ ਭਰਮਾ ਕੇ ਆਪਣਾ ਹਲਵਾ ਮੰਡਾ ਚਲਦਾ ਅਤੇ ਐਸ਼ ਬਚਾਈ ਜਾ ਸੱਕੇ। ਪਰ ਹੁਣ ਜਦੋਂ ਢੱਡਰੀਆਂ ਵਾਲੇ ਵਰਗੇ ਸੰਤ, ਸੰਤ ਤੋਂ ਭਾਈ ਬਣ, ਸਿੱਖੀ ਦੇ ਸਿਧਾਂਤਕ ਪ੍ਰਚਾਰਕ ਬਣਨ ਲੱਗ ਪਏ ਜੋ ਲੱਖਾਂ ਸਿੱਖਾਂ ਨੂੰ ਧਰਮ ਦੇ ਬੁਰਕੇ ਵਿੱਚ ਹੋ ਰਹੀ ਲੁੱਟ ਬਾਰੇ ਜਾਗ੍ਰਿਤ ਕਰਨ ਲਈ ਮੈਦਾਨ ਵਿੱਚ ਨਿੱਤਰ ਪਏ ਹਨ, ਡੇਰਾਵਾਦੀ ਕਰਮਕਾਂਡੀ ਸੰਪ੍ਰਦਾਈਆਂ ਅਤੇ ਪੁਜਾਰੀ ਜਥੇਦਾਰਾਂ ਦੀ ਅੱਖ ਵਿੱਚ ਰੋੜ ਵਾਂਗ ਰੜਕਦੇ ਹਨ, ਤਾਂ ਹੀ ਗੁਰਮਤਿ ਸਿੱਖੀ ਦੇ ਸਿਧਾਂਤਕ ਪ੍ਰਚਾਰਕਾਂ ਦਾ ਪੁਜਾਰੀ ਜਥੇਦਾਰਾਂ ਅਤੇ ਸੰਤ ਬਾਬਿਆਂ ਸੰਪ੍ਰਾਈਆਂ ਵੱਲੋਂ ਅੱਡੀ ਚੋਟੀ ਨਾਲ ਵਿਰੋਧ ਹੋ ਰਿਹਾ ਹੈ।

ਹੁਣ ਜਿਉਂ ਜਿਉਂ ਜਨਤਾ ਗੁਰੂ ਗਿਆਨ ਨਾਲ ਅਗਿਆਨਤਾ ਦੀ ਨੀਂਦ ਚੋਂ ਜਾਗ ਰਹੀ ਹੈ ਤਿਉਂ ਤਿਉਂ ਇਨ੍ਹਾਂ ਭੱਦਰਪੁਰਸ਼ਾਂ ਦੇ ਪਾਏ ਭਰਮ ਭੁਲੇਖਿਆਂ ਤੇ ਡਰਾਵਿਆਂ ਤੋਂ ਬਾਹਰ ਨਿਕਲ ਰਹੀ ਹੈ।

ਇਲੈਕਟ੍ਰੌਨਿਕ ਮੀਡੀਏ ਨੇ ਹਰੇਕ ਨੂੰ ਆਪੋ ਆਪਣੇ ਅਜ਼ਾਦ ਵਿਚਾਰ ਰੱਖਣ ਦਾ ਪਲੇਟ ਫਾਰਮ ਦੇ ਕੇ ਬਹੁਤ ਵੱਡੀ ਕ੍ਰਾਂਤੀ ਲਿਆਂਦੀ ਹੈ ਨਹੀਂ ਤਾਂ ਬਹੁਤੇ ਧਰਮ ਅਸਥਾਨਾਂ ਵਿੱਚ ਸੱਚ ਬੋਲਣ ਤੇ ਪ੍ਰਚਾਰਨ ਨਹੀਂ ਦਿੱਤਾ ਜਾਂਦਾ। ਜਾਗਤ ਸੰਗਤ ਨੂੰ ਸਿਧਾਂਤਕ ਪ੍ਰਚਾਰਕਾਂ ਦਾ ਸਾਥ ਜਰੂਰ ਦੇਣਾ ਚਾਹੀਦਾ ਹੈ ਨਹੀਂ ਤਾਂ ਲੱਠਮਾਰ ਡੇਰੇਦਾਰ ਹਰ ਪਾਸੇ ਕਾਬਜ ਹੋ, ਗੁਰਮਤਿ ਦੀ ਸਿੱਖੀ ਨੂੰ ਗੁਫਾਵਾਂ, ਸੀਨਾ-ਬਸੀਨਾਂ ਮਰਯਾਦਾ, ਅਖੌਤੀ ਸੰਤਾਂ-ਗ੍ਰੰਥਾਂ, ਕਰਮਕਾਂਡਾਂ, ਰੰਗ ਬਰੰਗੇ ਰੁਮਾਲਿਆਂ, ਚੁਬੱਚਿਆਂ ਦੇ ਪਾਣੀਆਂ ਅਤੇ ਸੰਪ੍ਰਦਾਈਆਂ ਦੇ ਤੰਗ-ਦਿਲ ਭੋਰੇ ਵਿੱਚ ਬੰਦ ਕਰ ਦੇਣਗੇ!

# ਜੰਗਜੂ ਕਲਾ ਗੱਤਕੇ ਨੂੰ ਮਾਣ ਦਿਵਾਉਣ ਵਾਲੀ ਬਹੁਪੱਖੀ ਸਿੱਖ ਸ਼ਖਸੀਅਤ-ਹਰਜੀਤ ਸਿੰਘ ਗਰੇਵਾਲ



ਨਰਿੰਦਰ ਸਿੰਘ ਸੱਤੀ
ਮੁੱਖ ਸੰਪਾਦਕ, 'ਖੇਡ ਤੇ ਖਿਡਾਰੀ' (91-98145-00366)

ਕੁੱਝ ਵਿਅਕਤੀ ਜਦੋਂ ਦੁਨੀਆਂ 'ਤੇ ਵਿਚਰਦਿਆਂ ਸਮਾਜ, ਕੌਮ ਜਾਂ ਧਰਮ ਲਈ ਕੁੱਝ ਵੱਖਰਾ ਅਤੇ ਸਰਵ-ਪ੍ਰਵਾਨਿਤ ਕਾਰਜ ਕਰ ਰਹੇ ਹੁੰਦੇ ਹਨ ਤਾਂ ਲਾਜ਼ਮੀ ਹੀ ਉਹ ਸੱਜਣ ਵਿਰਲੀਆਂ ਸਖਸ਼ੀਅਤਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ ਅਤੇ ਅਜਿਹੇ ਕਿਰਦਾਰਾਂ ਦਾ ਜ਼ਿਕਰ ਅਕਸਰ ਹੀ ਲੋਕਾਂ ਦੀ ਜ਼ੁਬਾਨ 'ਤੇ ਮੱਲੋ-ਮੱਲੀ ਆ ਜਾਂਦਾ ਹੈ। ਅੱਜ ਅਸੀਂ ਜਿਸ ਬਹੁ-ਪੱਖੀ ਸਖਸ਼ੀਅਤ ਦੀ ਚਰਚਾ ਕਰਨ ਲੱਗੇ ਹਾਂ ਉਸ ਮਿਕਨਾਤੀਸੀ ਸੱਜਣ ਨੇ ਸਰਕਾਰੀ ਨੌਕਰੀ ਦੀਆਂ ਔਖੀਆਂ ਵਲਗਣਾਂ ਵਿੱਚ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਪੰਜਾਬੀ ਸਮਾਜ, ਸਿੱਖ ਕੌਮ ਅਤੇ ਆਪਣੇ ਧਰਮ ਲਈ ਅਜਿਹੇ ਨਿਵੇਕਲੇ ਮਰਹਲੇ ਨੂੰ ਸਦੀਵੀਂ ਕਾਇਮ ਕੀਤਾ ਹੈ ਜਿਸ ਨਾਲ ਕੌਮ ਦਾ ਮਾਣ ਹੋਰ ਉਚਾ ਹੋਇਆ ਹੈ ਅਤੇ ਅਜਿਹੀ ਮਿਸਾਲ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ।

ਉਹ ਹਰਦਿਲ ਅਜ਼ੀਜ਼ ਸੱਜਣ ਨੇ ਸਿੱਖੀ ਸਰੂਪ ਵਿੱਚ ਵਿਚਰਦੇ ਸ. ਹਰਜੀਤ ਸਿੰਘ ਗਰੇਵਾਲ, ਜੋ ਅਸਲ ਮਾਅਨਿਆਂ ਵਿਚ ਇਕ ਬਹੁਪੱਖੀ, ਨਿਵੇਕਲੀ ਅਤੇ ਰੰਗਲੀ ਸਖਸ਼ੀਅਤ ਦੇ ਮਾਲਕ ਹਨ। ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਪ੍ਰੈਸ ਦੇ ਅਹੁਦੇ 'ਤੇ ਸੇਵਾ ਨਿਭਾਅ ਰਹੇ ਸ. ਗਰੇਵਾਲ ਨੇ ਆਪਣੇ ਜੀਵਨ ਦੌਰਾਨ ਵਿੱਦਿਅਕ, ਪੱਤਰਕਾਰਤਾ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ ਨਿਵੇਕਲੇ ਅਤੇ ਵੱਡੇ ਮਾਅਰਕੇ ਮਾਰੇ ਹਨ।

### ਗੱਤਕਾ ਖੇਡ ਦੀ ਪ੍ਰਫੁੱਲਤਾ ਵਿਚ ਵੱਡਾ ਯੋਗਦਾਨ

ਕਰੀਬ ਪਿਛਲੇ ਇੱਕ ਦਹਾਕੇ ਤੋਂ ਸ. ਗਰੇਵਾਲ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਪੁਰਾਤਨ ਸਿੱਖ ਜੰਗਜੂ ਖੇਡ 'ਗੱਤਕੇ' ਦੀ ਪੁਨਰ-ਸੁਰਜੀਤੀ, ਇਸ ਨੂੰ ਮਾਨਤਾਪ੍ਰਾਪਤ ਖੇਡ ਵਜੋਂ ਪ੍ਰਫੁੱਲਤ ਕਰਨ ਅਤੇ ਇਸ ਕਲਾ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ-ਪਸਾਰ ਕਰਨ ਖਾਤਰ ਵੱਡੀ ਘਾਲਣਾ ਘਾਲੀ ਹੈ। ਕਦੇ ਸਾਰਕ ਸੰਸਥਾ ਅਤੇ ਯੂਨੈਸਕੋ ਵੱਲੋਂ ਲੁਪਤ ਕਰਾਰ ਦਿੱਤੀ ਜਾ ਚੁੱਕੀ ਇਸ ਵਿਰਾਸਤੀ ਅਤੇ ਸੱਭਿਆਚਾਰਕ ਕਲਾ ਨੂੰ ਸ. ਗਰੇਵਾਲ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ ਸਰਕਾਰੀ ਦਰਬਾਰੇ ਬਤੌਰ ਖੇਡ ਵਜੋਂ ਮਾਨਤਾ ਦਿਵਾਕੇ ਵਿਧੀਵਤ ਢੰਗ ਨਾਲ ਖਿਡਾਉਣ ਲਈ ਬਹੁਤ ਅਹਿਮ ਯੋਗਦਾਨ ਪਾਇਆ ਹੈ ਜਿਸ ਨਾਲ 21ਵੀਂ ਸਦੀ ਵਿੱਚ ਗੱਤਕੇ ਦੇ ਨਵੇਂ ਇਤਿਹਾਸ ਦੀ ਸਿਰਜਣਾ ਹੋਈ ਹੈ।

ਗੱਤਕਾ ਖੇਡ ਸੰਸਥਾ ਦੇ ਗਠਨ ਉਪਰੰਤ ਇਸ ਨੂੰ ਖੇਡ ਵਜੋਂ ਸੂਬਾਈ ਅਤੇ ਕੌਮੀ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਸਾਲ 2008 ਅਤੇ 2009 ਵਿੱਚ ਉਨ੍ਹਾਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪਲੇਠੀ ਗੱਤਕਾ ਨਿਯਮਾਂਵਲੀ ਸੰਪਾਦਨ ਕਰਨ ਦਾ ਮਾਣ ਹਾਸਲ ਹੈ। ਇਸ ਵਿਸਥਾਰਿਤ ਨਿਯਮਾਂਵਲੀ ਨੂੰ ਕਈ ਵਾਰ ਸੋਧਣ ਉਪਰੰਤ ਹੁਣ ਇਸ ਦਾ ਦੂਜਾ ਐਡੀਸ਼ਨ 2017 ਵਿਚ ਵਿਸ਼ਵ ਦੇ ਗੱਤਕਾ ਖਿਡਾਰੀਆਂ ਦੀ ਝੋਲੀ ਪਾਇਆ ਹੈ। ਲੋਕ ਸੰਪਰਕ ਅਫ਼ਸਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਵਰਗੇ ਅਹਿਮ ਅਹੁਦਿਆਂ 'ਤੇ ਵੱਖ-ਵੱਖ ਸਮੇਂ 'ਤੇ ਬਾਖੂਬੀ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਗੱਤਕੇ ਦੀ ਪ੍ਰਫੁੱਲਤਾ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਸੈਂਕੜੇ ਟੂਰਨਾਮੈਂਟ ਕਰਵਾਏ। ਬਹੁਤ ਸਾਰੀਆਂ ਗੱਤਕਾ ਵਰਕਸ਼ਾਪਾਂ, ਸਿਖਲਾਈ ਕੈਂਪਾਂ, ਰਿਫਰੈਸ਼ਰ ਕੋਰਸਾਂ ਅਤੇ ਸਮਾਗਮਾਂ ਦਾ ਪ੍ਰਬੰਧ ਕਰਦਿਆਂ ਖੁਦ ਹਾਜ਼ਰੀ ਵੀ ਭਰੀ।

ਉਨ੍ਹਾਂ ਦੇ ਮਨ ਵਿੱਚ ਹਰ ਸਮੇਂ ਗੱਤਕੇ ਦੀ ਬਿਹਤਰੀ ਲਈ ਯੋਜਨਾਵਾਂ ਘੜ੍ਹੀਆਂ-ਬੁਣੀਆਂ ਜਾ ਰਹੀਆਂ ਹੁੰਦੀਆਂ ਹਨ ਅਤੇ ਉਹ ਆਪਣੇ ਸਾਥੀਆਂ ਨੂੰ ਇੰਨਾਂ 'ਸਕੀਮਾਂ' ਦੀ ਸਫ਼ਲਤਾ 'ਤੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਸ. ਗਰੇਵਾਲ ਅਤੇ ਉਨਾਂ ਦੀ ਟੀਮ ਦਾ ਟੀਚਾ ਹੈ ਕਿ ਇਸ ਪੁਰਾਤਨ ਕਲਾ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਇਆ ਜਾਵੇ ਜਿਸ ਲਈ ਬਤੌਰ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵਜੋਂ ਉਨਾਂ ਇੱਕ 'ਵਿਜ਼ਨ ਡਾਕੂਮੈਂਟ' ਵੀ ਤਿਆਰ ਕੀਤਾ ਹੈ ਜਿਸ ਤਹਿਤ ਸਾਲ 2030 ਤੱਕ ਗੱਤਕਾ ਖੇਡ ਦੇ ਪਸਾਰ ਤੇ ਪ੍ਰਚਾਰ ਹਿੱਤ ਇੱਕ 'ਰੋਡ ਮੈਪ' ਉਲੀਕਿਆ ਗਿਆ ਹੈ।



### ਸਮਾਜ ਸੇਵਾ ਵਿਚ ਮੋਹਰੀ

ਸਮਾਜ ਸੇਵਾ ਦੇ ਕੰਮਾਂ ਵਿੱਚ ਵਿਚਰਦਿਆਂ ਸ. ਗਰੇਵਾਲ ਕਈ ਵੱਡੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਗੱਤਕਾ ਐਸੋਸੀਏਸ਼ਨ ਪੰਜਾਬ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਨ। ਇਸ ਤੋਂ ਇਲਾਵਾ ਮਾਂ-ਬੋਲੀ ਨੂੰ ਵੱਖ-ਵੱਖ ਰਾਜਾਂ ਵਿੱਚ ਬਣਦਾ ਰੁਤਬਾ ਦਿਵਾਉਣ ਅਤੇ ਇਸ ਦੀ ਪ੍ਰਫੁੱਲਤਾ ਲਈ ਉਹ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਅਤੇ ਪੰਜਾਬੀ ਆਰਟਸ ਐਂਡ ਕਲਚਰਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਸਰਗਰਮੀ ਨਾਲ ਕਾਰਜਸ਼ੀਲ ਹਨ।

ਸਮਾਜ ਸੇਵਾ ਨੂੰ ਸਮਰਪਿਤ ਸ. ਗਰੇਵਾਲ ਨੇ ਸਵੈਇੱਛਕ ਖੂਨਦਾਨੀ ਵਜੋਂ ਹੁਣ ਤੱਕ 12 ਵਾਰ ਖੂਨਦਾਨ ਕੀਤਾ ਹੈ ਅਤੇ ਉਹ ਬਲੱਡ ਡੋਨਰਜ਼ ਕੌਂਸਲ ਲੁਧਿਆਣਾ ਦੇ ਪ੍ਰਧਾਨ ਵਜੋਂ ਖੂਨਦਾਨ ਮੁਹਿੰਮ ਵਿੱਚ ਵੀ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਇਹ ਬਹੁ-ਪੱਖੀ ਸਖਸ਼ੀਅਤ ਗਲੋਬਲ ਆਰਗਨ ਡੋਨਰਜ਼ ਫਾਊਂਡੇਸ਼ਨ (ਗਾਡ ਫਾਊਂਡੇਸ਼ਨ) ਦੇ ਮੈਨੇਜਿੰਗ ਡਾਇਰੈਕਟਰ ਵਜੋਂ ਅੰਗ-ਦਾਨ ਅਤੇ ਟਿਸ਼ੂ ਦਾਨ ਦੀ ਚੇਤਨਾ ਫੈਲਾਉਣ ਵਿਚ ਵੀ ਮੋਹਰੀ ਭੂਮਿਕਾ ਅਦਾ ਕਰ ਰਹੀ ਹੈ। ਪੰਜਾਬ ਦੇ ਅਹਿਮ ਮਸਲਿਆਂ ਅਤੇ ਮੁੱਦਿਆਂ 'ਤੇ ਖੋਜ ਵਿਸ਼ਿਆਂ ਲਈ ਉਹ 'ਸੈਂਟਰ ਫਾਰ ਰਿਸਰਚ ਐਂਡ ਡਿਵੈਲਪਮੈਂਟ ਸਟੱਡੀਜ਼ ਪੰਜਾਬ' ਦੇ ਚੇਅਰਮੈਨ ਵਜੋਂ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਕਈ ਸਾਲ ਲੋਕ ਸੰਪਰਕ ਵਿਭਾਗ ਦੀ ਆਫ਼ੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਇਸ ਵੇਲੇ ਉਹ ਪਬਲਿਕ ਰਿਲੇਸ਼ਨਜ਼ ਸੁਸਾਇਟੀ ਆਫ਼ ਇੰਡੀਆ ਦੇ ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਵੀ ਹਨ।

### ਵੱਕਾਰੀ 'ਸਟੇਟ ਐਵਾਰਡ' ਨਾਲ ਸਨਮਾਨ

ਗੱਤਕੇ ਦੀ ਪ੍ਰਫੁੱਲਤਾ, ਮਾਂ-ਬੋਲੀ ਅਤੇ ਸਮਾਜ ਸੇਵਾ ਪ੍ਰਤੀ ਬਹੁਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨਾਂ ਨੂੰ ਸਾਲ 2010 ਵਿਚ ਵੱਕਾਰੀ 'ਸਟੇਟ ਐਵਾਰਡ' ਨਾਲ ਸਨਮਾਨਿਤ ਕੀਤਾ। ਸਮਾਜ ਦੀਆਂ ਕਈ ਸੰਸਥਾਵਾਂ ਵੱਲੋਂ ਸ. ਗਰੇਵਾਲ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਜਿਨਾਂ ਵਿੱਚ ਯੂ.ਕੇ. ਗੱਤਕਾ ਫੈਡਰੇਸ਼ਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਕਲਾ ਮੰਚ ਸੰਗਰੂਰ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਦਾ ਗ੍ਰੀਨ ਸੰਗਰੂਰ, ਅਦਾਰਾ ਜਾਗਰਨ ਗਰੁੱਪ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦਵਾਰਾ ਮੈਨੇਜਮੈਂਟ ਕਮੇਟੀ, ਗੱਤਕਾ ਫੈਡਰੇਸ਼ਨ ਆਫ ਨਿਪਾਲ ਅਤੇ ਯੂਰਪੀਅਨ ਪੰਜਾਬੀ ਸੱਥ ਆਦਿ ਸਮੇਤ ਹੋਰ ਦੋ ਦਰਜਨ ਸੰਸਥਾਵਾਂ ਸ਼ਾਮਲ ਹਨ। ਸ. ਗਰੇਵਾਲ ਦੇਸ਼-ਦੁਨੀਆਂ ਘੁੰਮਣ ਵਾਲੀ ਸਖਸ਼ੀਅਤ ਹੈ ਅਤੇ ਉਨ੍ਹਾਂ ਕਈ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ ਜਿਨ੍ਹਾਂ ਵਿਚ ਇੰਗਲੈਂਡ ਆਸਟਰੇਲੀਆ ਅਤੇ ਨਿਪਾਲ ਵਰਗੇ ਮੁਲਕ ਸ਼ਾਮਲ ਹਨ।

### ਪੇਸ਼ੇਵਰ ਜ਼ਿੰਦਗੀ ਦੀਆਂ ਪ੍ਰਾਪਤੀਆਂ

ਸਾਇੰਸ ਗ੍ਰੈਜੂਏਟ ਸ. ਗਰੇਵਾਲ ਸਾਲ 1991 ਵਿੱਚ ਵਕਾਲਤ ਦੀ ਡਿਗਰੀ ਪਾਸ ਕਰਨ ਤੋਂ ਬਾਅਦ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੇ ਮੈਂਬਰ ਵੀ ਰਹੇ। ਉਪਰੰਤ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਸਾਲ 1992 ਵਿਚ 'ਪੰਜਾਬੀ ਟ੍ਰਿਬਿਊਨ' ਤੋਂ ਸਿਖਲਾਈ ਲੈ ਕੇ ਪੱਤਰਕਾਰਤਾ ਦੀਆਂ ਬਾਰੀਕੀਆਂ ਸਿੱਖਣ ਉਪਰੰਤ ਉਹ ਕਰੀਬ ਇੱਕ ਸਾਲ 'ਰੋਜ਼ਾਨਾ ਚੜ੍ਹਦੀ ਕਲਾ' (ਪਟਿਆਲਾ) ਵਿਖੇ ਉਪ-ਸੰਪਾਦਕ ਰਹੇ। ਇਨਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ 'ਆਲ ਇੰਡੀਆ ਰੇਡੀਓ' ਪਟਿਆਲਾ ਅਤੇ ਜਲੰਧਰ ਦੇ ਹਫਤਾਵਾਰੀ ਪ੍ਰੋਗਰਾਮਾਂ ਨੂੰ ਬਾਖੂਬੀ ਪੇਸ਼ ਕੀਤਾ। ਨਵੰਬਰ 1993 ਤੋਂ ਉਨ੍ਹਾਂ 'ਰੋਜ਼ਾਨਾ ਅਜੀਤ' ਵਿਚ ਉਪ-ਸੰਪਾਦਕ ਵਜੋਂ ਆਪਣੀ ਪੇਸ਼ੇਵਰ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਕੀਤਾ ਅਤੇ ਇਸ ਅਦਾਰੇ ਵਿਚ ਪੂਰੀ ਤਨਦੇਹੀ ਨਾਲ ਅੱਠ ਸਾਲ ਤੱਕ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਪਰੰਤ ਸ. ਗਰੇਵਾਲ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਬਤੌਰ ਲੋਕ ਸੰਪਰਕ ਅਫਸਰ ਭਰਤੀ ਹੋ ਗਏ। ਕਰੀਬ 16 ਸਾਲਾਂ ਦੀ ਇਸ ਬੇਦਾਗ ਨੌਕਰੀ ਦੌਰਾਨ ਉਨਾਂ ਬਹੁਤ ਅਹਿਮ ਜ਼ਿੰਮੇਵਾਰੀਆਂ 'ਤੇ ਕੰਮ ਕੀਤਾ ਅਤੇ ਹਰ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਸਫਲਤਾਪੂਰਬਕ ਸਰ ਕੀਤਾ ਹੈ। ਉਨਾਂ ਡੀ.ਪੀ.ਆਰ.ਓ ਰੂਪਨਗਰ ਤੋਂ ਇਲਾਵਾ ਵਿਜੀਲੈਂਸ ਬਿਓਰੋ, ਡੀ.ਜੀ.ਪੀ ਪੰਜਾਬ ਸਮੇਤ ਕਈ ਮੰਤਰੀਆਂ ਨਾਲ ਬਤੌਰ ਪੀ.ਆਰ.ਓ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਨੌਕਰੀ ਪ੍ਰਤੀ ਲਗਨ, ਮਿਹਨਤ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਪੰਜਾਬ ਨਾਲ ਡਿਪਟੀ ਡਾਇਰੈਕਟਰ ਪ੍ਰੈਸ ਵਜੋਂ ਤਾਇਨਾਤ ਕੀਤਾ ਗਿਆ। ਇੱਥੇ ਵੀ ਉਨ੍ਹਾਂ ਸਿੱਧ ਕੀਤਾ ਕਿ ਆਪਣੇ ਪੇਸ਼ੇ ਪ੍ਰਤੀ ਉਹ ਕਿਸੇ ਵੀ ਪ੍ਰਕਾਰ ਦਾ ਸਮਝੌਤਾ ਨਹੀਂ ਕਰਦੇ। ਆਪ ਇਕ ਬੇਹਤਰੀਨ ਖਿਡਾਰੀ ਵੀ ਰਹੇ। ਉਨ੍ਹਾਂ 35ਵੀਂ ਸੀਨੀਅਰ ਨੈਸ਼ਨਲ ਮੁੱਕੇਬਾਜੀ ਚੈਂਪੀਅਸ਼ਿਪ ਵਿਚ ਹਿੱਸਾ ਲਿਆ ਅਤੇ 21ਵੀਂ ਪੰਜਾਬ ਸੀਨੀਅਰ ਮੁੱਕੇਬਾਜੀ ਚੈਂਪੀਅਨਸ਼ਿਪ ਵਿਚ ਤੀਜਾ ਸਥਾਨ ਹਾਸਲ ਕੀਤਾ। ਉਨਾਂ ਸਕੂਲ ਅਤੇ ਕਾਲਜ ਦੌਰਾਨ ਹੋਰ ਖੇਡਾਂ ਵਿੱਚ ਵੀ ਆਪਣੀ ਹਾਜ਼ਰੀ ਲਵਾਈ।

ਇਸ ਤੋਂ ਇਲਾਵਾ ਬਹੁਤ ਸਾਰੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਉਹ ਆਪਣੀ ਕਲਮ ਰਾਹੀਂ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਅਖਬਾਰਾਂ, ਮੈਗਜ਼ੀਨਾਂ, ਚੈਨਲਾਂ, ਰੇਡੀਓ ਤੇ ਹੋਰ ਮੀਡੀਆ ਸਾਧਨਾਂ ਵਿਚ ਉਨ੍ਹਾਂ ਦੇ ਲੇਖ ਅਤੇ ਵਿਚਾਰ-ਚਰਚਾ ਛਪਦੀ ਅਤੇ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਅੱਜ ਦੇ ਤੇਜ਼-ਤਰਾਰ ਅਤੇ ਪਦਾਰਥਵਾਦੀ ਯੁੱਗ ਵਿੱਚ ਸਮਾਜ ਨੂੰ ਅਜਿਹੇ ਮਾਣਮੱਤੇ ਰੰਗਲੇ ਸੱਜਣਾਂ ਦੀ ਬੇਹੱਦ ਲੋੜ ਹੈ ਜਿਨਾਂ ਤੋਂ ਆਉਣ ਵਾਲੀਆਂ ਨਸਲਾਂ ਬਹੁਤ ਕੁੱਝ ਸਿੱਖ ਅਤੇ ਸੇਧ ਲੈ ਸਕਦੀਆਂ ਹਨ। ਸ਼ਾਲਾ, ਸਮਾਜ ਸੇਵਾ ਨੂੰ ਪ੍ਰਣਾਈ ਹੋਈ ਰੁਹਾਨੀਅਤ ਵਿੱਚ ਰੰਗੀ ਇਹ ਸਖਸ਼ੀਅਤ ਲੰਮੀਆਂ ਉਮਰਾਂ ਮਾਣੇ ਅਤੇ ਹੋਰ ਵੱਡੀਆਂ ਪੁਲਾਂਘਾਂ ਪੁੱਟ ਕੇ ਕੌਮ, ਦੇਸ਼, ਪੰਜਾਬ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਦੀ ਰਹੇ।

# ਕੀ ਮੋਦੀ ਭਾਰਤ ਵਰਸ਼ ਦੇ ਸੰਕਲਪ ਨਾਲ ਉੱਕਾ ਹੀ ਮੇਲ ਨਹੀ ਖਾਂਦੇ?

ਰਹੀ। 'ਸਵੱਛ ਭਾਰਤ ਅਭਿਆਨ' ਅਤੇ ਪ੍ਰਧਾਨ ਮੰਤਰੀ ਦੀ 'ਫ਼ਸਲ ਬੀਮਾ ਯੋਜਨਾ' ਜਿਹੇ ਪ੍ਰੋਗਰਾਮਾਂ ਦੇ ਵੀ ਉਹ ਨਤੀਜੇ ਸਾਹਮਣੇ ਨਹੀਂ ਆ ਸਕੇ, ਜਿਨ੍ਹਾਂ ਦੇ ਵਾਅਦੇ ਪਹਿਲਾਂ ਕੀਤੇ ਗਏ ਸਨ। ਸਾਡੀ ਜਮਹੂਰੀਅਤ ਲਈ ਅਜਿਹੇ ਵਧਦੇ ਪ੍ਰਭਾਵ ਦਾ ਕੀ ਅਰਥ ਹੈ? ਇਹ ਸੱਚ ਹੈ ਕਿ ਇਸ ਨਾਲ ਸਰਕਾਰ ਨੂੰ ਨੀਤੀ ਦੇ ਮੋਰਚੇ ਉੱਤੇ ਤਾਂ ਬਹੁਤ ਸਫ਼ਲਤਾ ਮਿਲ ਜਾਂਦੀ ਹੈ। ਭਾਵੇਂ ਕੋਈ ਸਰਕਾਰ ਨੋਟਬੰਦੀ ਜਿਹਾ ਅਹਿਮ ਫ਼ੈਸਲਾ ਲੈਣ ਵਿੱਚ ਸਫ਼ਲ ਹੋ ਜਾਂਦੀ ਹੈ, ਉਹ ਇਸ ਮੋਰਚੇ ਤੱਕ ਸੀਮਤ ਨਹੀਂ ਰਹੀ, ਉਹ ਆਪਣੀ ਮਾੜੀ ਕਾਰਗੁਜ਼ਾਰੀ ਦੇ ਸੰਭਾਵੀ ਬਹਾਨਿਆਂ ਤੋਂ ਵੀ ਟਾਲ਼ਾ ਵੱਟ ਲਵੇਗੀ। ਜ਼ਿਆਦਾਤਰ ਇਸ ਪ੍ਰਕਾਰ ਦਾ 'ਵਧਦਾ ਪ੍ਰਭਾਵ' ਸਾਡੀ ਜਮਹੂਰੀਅਤ ਲਈ ਚੁਣੌਤੀ ਹੈ। ਅਜਿਹੀ ਸੰਭਾਵਨਾ ਵੀ ਹੈ ਕਿ ਜਮਹੂਰੀ ਕਦਰਾਂ-ਕੀਮਤਾਂ ਤੇਜ਼ੀ ਨਾਲ ਸੁੰਗੜਦੀਆਂ ਚਲੀਆਂ ਜਾਣ। ਇਹ ਵਧਦਾ ਪ੍ਰਭਾਵ ਇਸ ਸਰਕਾਰ ਦੇ ਹੰਕਾਰ ਨੂੰ ਹੋਰ ਵੀ ਵਧਾ ਸਕਦਾ ਹੈ। ਸਾਡੇ ਗਣਰਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਉੱਤੇ ਹਮਲਾ ਹੋਣ ਦੀ ਸੰਭਾਵਨਾ ਵੀ ਬਹੁਤ ਜ਼ਿਆਦਾ ਹੈ।

ਅਸੀਂ ਇਸ ਵਧਦੀ ਚੌਧਰ, ਵਧਦੇ ਪ੍ਰਭਾਵ-ਖੇਤਰ ਦਾ ਮੁਕਾਬਲਾ ਕਿਵੇਂ ਕਰੀਏ? ਜਦੋਂ ਇਸ 'ਵਧਦੇ ਪ੍ਰਭਾਵ' ਦੀ ਗੱਲ ਕਰਦੇ ਹਾਂ, ਤਾਂ ਸਾਧਾਰਨ ਦਿਮਾਗ਼ ਵਾਲੀ ਵਿਰੋਧੀ ਧਿਰ ਇਸ ਦਾ ਟਾਕਰਾ ਨਹੀਂ ਕਰ ਸਕਦੀ। ਆਹਮੋ-ਸਾਹਮਣੇ ਦੀ ਬਹਾਦਰੀ ਨਾਲ ਸੜਕਾਂ ਉੱਤੇ ਕੀਤੀਆਂ ਜਾਣ ਵਾਲੀਆਂ ਲੜਾਈਆਂ ਨਾਲ ਵੀ ਕੰਮ ਨਹੀਂ ਚੱਲਣਾ। ਵਿਰੋਧੀ ਧਿਰ ਦਾ ਵੱਡਾ ਗੱਠਜੋੜ ਵੀ ਕੋਈ ਬਹੁਤਾ ਫ਼ਾਇਦੇਮੰਦ ਨਹੀਂ ਹੋ ਸਕਦਾ। ਇਸ ਵਧਦੇ ਪ੍ਰਭਾਵ, ਜਾਂ ਮੋਦੀ ਦੇ 'ਨਾਇਕਤਵ' ਦਾ ਟਾਕਰਾ ਕਰਨ ਲਈ ਇਸ ਸਰਕਾਰ ਦੀ ਵਿਚਾਰਧਾਰਕ ਤੇ ਨੈਤਿਕ ਉਚਿਤਤਾ ਦੇ ਮੁਕਾਬਲੇ ਸਭਿਆਚਾਰਕ ਔਜ਼ਾਰੀ-ਤੰਤਰ ਵਿਕਸਤ ਕਰਨਾ ਪਵੇਗਾ। ਇਹ ਸਾਡੇ ਸਮਿਆਂ ਦੀ ਇੱਕ ਪ੍ਰਮੁੱਖ ਸਿਆਸੀ ਚੁਣੌਤੀ ਹੈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**

**April 9, 2017 Jyoti Jyot Divas of Sri Guru Har Krishan Ji**

Guru Har Krishan Ji wasthe eighth of the Ten Gurus of Sikhism. Guru Ji was the youngestof all the Gurus. Guru Ji gave his life while serving and healing the epidemic-stricken people. Sri Sukhmani Sahib Path and Langar sewa will be hosted by Gurughar. Entire Sangat isrequested to join in Ardaas.

**April 16, 2017 Vaisakhi festival Celebrations**

Sri Sukhmani Sahib Path and Langar sewa will be hosted by Gurughar on the occasion of Vaisakhi festival 2017. Vaisakhi is the harvestcelebration in India and is an occasion of dancing, singing, music, wearing of festive garments and religious praise. Ragi Jatha GianiOmpal Singh, Giani Gurnam Singh and Giani Parkash Singh will adorn the occasion. Entire Sangat is requested to participate wholeheartedly.

**April 23, 2017 Barsi of Late Shri Sohan Singh Damria**

Sri Sukhmani Sahib Path and Langar Sewa will be hosted by Bhai Harbans Kalu& Bibi Harjit Kaur on the event of first Barsi of Late Shri Sohan Singh Damria ji (One of the founder member of Gurughar). Family is requesting everyone to come and join them in the Ardaas. May Waheguru keep family in Chardi Kala.

**April 28-29-30,2017 Samagam**

Samagam will start on Friday, April 28th 2017 at 5pm with "Naam Simran" and 3 Day Samagam will end on Sunday, April 30th 2017 at 12pm.

| Morning | | Evening | |
|---|---|---|---|
| Naam Simran | 05.00-06.00 | Naam Simran | 03.30-04.30 |
| Nitnem | 06.00-07.15 | Gurbani Vichar | 04.30-05.00 |
| Akhand Kirtan | 07.15-12.00 | Rehraas Sahib | 05.00-05.30 |
| Ardaas & Samapti | 12.00 | Akhand Kirtan | 05.30-09.00 |
| | | Ardaas & Samapti | 09.00 |

**Chairperson**
**Shinder Pal Narabat**
**(925) 683-0178**

**President**
**Kashmiri Bhatia**
**(408)460-0262**

**General Secretary**
**Gina Bhatia**
**(925) 483-1629**

**Treasurer**
**Jasvir Chahal**
**(209)627-7944**


# ਅੱਜ ਸਮੁੱਚਾ ਸਿੱਖ-ਪੰਥ ਕਈ ਅਣ-ਸੁਲਝੇ ਵਿਵਾਦਾਂ ਦਾ ਸ਼ਿਕਾਰ

ਹੈਰਾਨੀ ਦੀ ਗਲ ਹੈ ਕਿ ਜਦੋਂ ਕਦੀ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਵਾਏ ਜਾਣ ਦੀ ਪ੍ਰਕ੍ਰਿਆ ਅਰੰਭ ਹੁੰਦੀ ਹੈ ਅਤੇ ਇਸ ਦੌਰਾਨ ਉਮੀਦਵਾਰਾਂ ਵਲੋਂ ਆਪਣਾ ਅਤੇ ਚੋਣਾਂ ਵਿੱਚ ਹਿੱਸਾ ਲੈ ਰਹੀਆਂ ਸਿੱਖ ਜੱਥੇਬੰਦੀਆਂ ਦੇ ਮੁਖੀਆਂ ਵਲੋਂ ਪਾਰਟੀ ਉਮੀਦਵਾਰਾਂ ਦਾ ਚੋਣ ਪ੍ਰਚਾਰ ਕਰਦਿਆਂ ਇੱਕ ਦੂਸਰੇ ਵਿਰੁਧ ਜਿਸ ਤਰ੍ਹਾਂ ਚਿਕੜ ਉਛਾਲੇ ਜਾਣ ਦਾ ਸਿਲਸਿਲਾ ਸ਼ੁਰੂ ਕਰ ਆਪਣੇ ਆਚਰਣ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਉਸਨੂੰ ਵੇਖ-ਸੁਣ ਹਰ ਸਿੱਖ ਦਾ ਦਿੱਲ ਖੂਨ ਦੇ ਅਥਰੂ ਰੋਣ ਤੇ ਮਜਬੂਰ ਹੋ ਜਾਂਦਾ ਹੈ। ਉਹ ਆਪਣੇ ਆਪਨੂੰ ਇਹ ਸੁਆਲ ਕਰਨ ਤੇ ਮਜਬੂਰ ਹੋ ਜਾਂਦਾ ਹੈ ਕਿ ਕੀ ਇਹ ਸਜਣ ਸਿੱਖਾਂ ਦੀ ਧਾਰਮਕ ਪ੍ਰਤੀਨਿਧਤਾ ਅਤੇ ਸਿੱਖਾਂ ਦੇ ਮਾਣ ਤੇ ਮਰਿਆਦਾ ਦੇ ਰਖਿਅਕ ਹੋਣ ਦੇ ਇਹ ਦਾਅਵੇਦਾਰ, ਸਨਮਾਨਤ ਧਾਰਮਕ ਸੰਸਥਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸ਼੍ਰੋਮਣੀ ਗੁਰਦੁਆਰਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਆਪਣੇ ਇਸ ਆਚਰਣ ਤੋਂ ਪਲਾ ਛੁਡਾ ਸਕਣਗੇ?

ਇਹੀ ਕਾਰਣ ਹੈ ਕਿ ਇਸ ਸਥਿਤੀ ਦੀ ਘੋਖ ਕਰਨ ਲਈ ਜਦੋਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਲਈ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ, ਕੁਝ ਬੁੱਧੀਜੀਵੀਆਂ ਅਤੇ ਪੰਥ ਦਰਦੀ ਵੀਰਾਂ ਵਲੋਂ ਇਸ ਚੋਣ ਪ੍ਰਣਾਲੀ ਪੁਰ ਸੁਆਲੀਆ ਨਿਸ਼ਾਨ ਲਾਉਂਦਿਆਂ, ਇਸਨੂੰ ਸਿੱਖਾਂ ਅਤੇ ਸਿੱਖੀ ਲਈ ਘਾਤਕ ਕਰਾਰ ਦਿੱਤਾ ਜਾਣ ਲਗਦਾ ਹੈ। ਅਜਿਹਾ ਕੋਈ ਇੱਕ ਵਾਰ ਨਹੀਂ ਹੁੰਦਾ, ਸਗੋਂ ਹਰ ਗੁਰਦੁਆਰਾ ਚੋਣ ਸਮੇਂ ਇਹ ਸੋਚ ਉਭਰ ਕੇ ਸਾਹਮਣੇ ਆਉਂਦੀ ਹੈ।

ਅਫਸੋਸ ਦੀ ਗਲ ਤਾਂ ਇਹ ਵੀ ਹੈ ਕਿ ਪ੍ਰਮੁੱਖ ਧਾਰਮ ਜਥੇਬੰਦੀਆਂ, ਵਿਸ਼ੇਸ਼ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦੌਰਾਨ ਤਾਂ ਇਹ ਸੁਆਲ ਉਭਰਿਆ ਜਾਂਦਾ ਹੈ ਤੇ ਇਸ ਪੁਰ ਭਖਵੀਂ ਬਹਿਸ ਵੀ ਹੁੰਦੀ ਹੈ। ਪ੍ਰੰਤੂ ਨਾ ਤਾਂ ਇਸ ਬਹਿਸ ਦੌਰਾਨ ਇਸ ਚੋਣ ਪ੍ਰਣਾਲੀ ਤੋਂ ਬਾਹਰ ਨਿਕਲਣ ਦਾ ਕੋਈ ਹਲ ਪੇਸ਼ ਕੀਤਾ ਜਾਂਦਾ ਹੈ ਅਤੇ ਨਾ ਹੀ ਚੋਣਾਂ ਦਾ ਦੌਰ ਖਤਮ ਹੋਣ ਤੋਂ ਬਾਅਦ ਇਸਦੇ ਲਈ ਕੋਈ ਸਾਰਥਕ ਹਲ ਤਲਾਸ਼ਣ ਤਕ ਇਸ ਬਹਿਸ ਨੂੰ ਜਾਰੀ ਹੀ ਰਖਿਆ ਜਾਂਦਾ ਹੈ। ਮਤਲਬ ਇਹ ਕਿ ਧਾਰਮਕ ਸੰਸਥਾਵਾਂ ਦੀਆਂ ਚੋਣਾਂ ਦੌਰਾਨ ਇਹ ਦਰਦ ਉਭਰਦਾ ਹੈ ਅਤੇ ਚੋਣ ਪ੍ਰਕ੍ਰਿਆ ਦੇ ਖਤਮ ਹੋਣ ਨਾਲ ਇਸ ਸੁਆਲ ਪੁਰ ਹੋਣ ਵਾਲੀ ਬਹਿਸ ਵੀ ਦੰਮ ਤੋੜ ਜਾਂਦੀ ਹੈ।

ਪਿਛਲੇ ਦਿਨੀਂ ਇੱਕ ਵਾਰ ਫਿਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੀ ਪ੍ਰਕ੍ਰਿਆ ਸ਼ੁਰੂ ਹੋਣ ਦਾ ਨਾਲ ਹੀ, ਇਸ ਚੋਣ ਪ੍ਰਣਾਲੀ ਦੇ ਸਾਰਥਕ ਹੋਣ ਦੇ ਨਾਲ ਹੀ ਇਨ੍ਹਾਂ ਪ੍ਰਣਾਲੀ ਰਾਹੀਂ ਹੋਈਆਂ ਚੋਣਾਂ ਦੇ ਸਾਰਥਕ ਹੋਣ ਪੁਰ ਸੁਆਲੀਆ ਨਿਸ਼ਾਨ ਲਾਉਂਦਿਆਂ ਹੋਇਆਂ ਇਕ ਵਾਰ ਫਿਰ ਇਸ ਮੁੱਦੇ ਪੁਰ ਬਹਿਸ ਛੇੜੀ ਗਈ। ਇਸਤੋਂ ਪਹਿਲਾਂ ਵੀ ਕੁਝ ਵਰ੍ਹੇ ਪਹਿਲਾਂ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੀ ਪ੍ਰਕ੍ਰਿਆ ਸ਼ੁਰੂ ਹੋਣ ਦੇ ਨਾਲ ਹੀ ਦਿੱਲੀ ਦੀ ਇੱਕ ਸਿੱਖ ਜਥੇਬੰਦੀ ਵਲੋਂ 'ਗੁਰਦੁਆਰਾ ਪ੍ਰਬੰਧ: ਇਕ ਵਿਸ਼ਲੇਸ਼ਣ' ਵਿਸ਼ੇ ਪੁਰ ਇਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਸੀ।



ਜਸਵੰਤ ਸਿੰਘ 'ਅਜੀਤ'

ਜਿਸ ਵਿਚ ਕਈ ਬੁਧੀਜੀਵੀ-ਬੁਲਾਰਿਆਂ ਨੇ ਗੁਰਦੁਆਰਾ ਪ੍ਰਬੰਧ ਅਤੇ ਧਾਰਮਕ ਸੰਸਥਾਵਾਂ ਵਿਚ ਆ ਰਹੀਆਂ ਬੁਰਿਆਈਆਂ ਦੀ ਵਿਸਥਾਰ ਨਾਲ ਚਰਚਾ ਕਰਦਿਆਂ, ਇਨ੍ਹਾਂ ਦੇ ਲਈ ਸੰਬੰਧਤ ਸੰਸਥਾਵਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੀ ਚੋਣ ਲਈ ਅਪਣਾਈ ਚਲੀ ਆ ਰਹੀ ਪ੍ਰਣਾਲੀ ਨੂੰ ਹੀ ਦੋਸ਼ੀ ਕਰਾਰ ਦਿੰਦਿਆਂ ਹੋਇਆਂ ਇਸ ਗਲ ਤੇ ਜ਼ੋਰ ਦਿਤਾ ਕਿ ਇਸਦਾ ਕੋਈ ਹੋਰ ਚੰਗਾ, ਸਾਰਥਕ ਅਤੇ ਪ੍ਰਭਾਵਸ਼ਾਲੀ ਬਦਲ ਤਲਾਸ਼ਿਆ ਜਾਣਾ ਚਾਹੀਦਾ ਹੈ।

ਵਿਦਵਾਨ ਬੁੱਧੀਜੀਵੀਆਂ ਨੇ ਇਹ ਸੁਝਾਅ ਦੇਣ ਦਾ ਕਾਰਣ ਇਹ ਦਸਿਆ ਕਿ ਗਰਦੁਆਰਿਆਂ ਦੇ ਪ੍ਰਬੰਧਕਾਂ ਦੀ ਚੋਣ ਲਈ ਵਰਤਮਾਨ ਚੋਣ-ਪ੍ਰਣਾਲੀ ਪੁਰ ਕੀਤੇ ਜਾ ਰਹੇ ਅਮਲ ਨਾਲ, ਅਜਿਹੇ ਵਿਅਕਤੀ ਗੁਰਦੁਆਰਾ ਪ੍ਰਬੰਧ ਪੁਰ ਕਾਬਜ਼ ਹੋ ਜਾਂਦੇ ਹਨ, ਜਿਨ੍ਹਾਂ ਦਾ ਆਚਰਣ ਸਿੱਖੀ ਦੀਆਂ ਮਾਨਤਾਵਾਂ ਦੇ ਵਿਰੁਧ ਹੁੰਦਾ ਹੈ।

ਅਜਿਹੇ ਵਿਅਕਤੀ ਗੁਰਦੁਆਰਾ ਪ੍ਰਬੰਧ ਵਿਚ ਆ ਕੇ, ਆਪਣੀ ਗੁਰਦੁਆਰਾ ਕਮੇਟੀ ਦੀ ਮੈਂਬਰੀ ਨੂੰ ਆਪਣੀ ਰੋਜ਼ੀ-ਰੋਟੀ ਦਾ ਸਾਧਨ ਬਣਾ ਲੈਂਦੇ ਹਨ। ਜਿਸਦੇ ਫਲਸਰੂਪ ਧਾਰਮਿਕ ਸੰਸਥਾਵਾਂ ਵਿਚ ਦਿਨ-ਬ-ਦਿਨ ਭਰਿਸ਼ਟਾਚਾਰ ਅਤੇ ਆਚਰਣਹੀਨਤਾ ਦਾ ਬੋਲਬਾਲਾ ਹੋਣ ਲਗਦਾ ਹੈ, ਨਤੀਜਾ ਇਹ ਹੁੰਦਾ ਹੈ ਕਿ ਇਹ ਸੰਸਥਾਵਾਂ ਧਾਰਮਿਕ ਮਰਿਆਦਾਵਾਂ ਤੇ ਪਰੰਪਰਾਵਾਂ ਦੀ ਰਖਿਆ ਕਰਨ ਪ੍ਰਤੀ ਆਪਣੀ ਜ਼ਿਮੇਂਦਾਰੀ ਨਿਭਾਉਣ ਵਿਚ ਸਫਲ ਨਹੀਂ ਹੋ ਪਾਂਦੀਆਂ।

ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਸੋਚ ਵਿਚ ਦੰਮ ਵੀ ਹੈ ਅਤੇ ਸੱਚਾਈ ਵੀ, ਪਰ ਸੁਆਲ ਉਠਦਾ ਹੈ ਕਿ ਬੀਤੇ ਕਾਫੀ ਸਮੇਂ ਤੋਂ ਅਪਨਾਈ ਗਈ ਹੋਈ ਗੁਰਦੁਆਰਾ ਚੋਣ-ਪ੍ਰਣਾਲੀ ਪੁਰ ਅਜਿਹੇ ਪ੍ਰਸ਼ਨ-ਚਿੰਨ੍ਹ ਲਾਏ ਜਾਂਦੇ ਚਲੇ ਆ ਰਹੇ ਵਿਦਵਾਨਾਂ ਅਤੇ ਸੈਮੀਨਾਰ ਦੇ ਆਯੋਜਕਾਂ ਵਲੋਂ ਸੈਮੀਨਾਰ ਵਿਚ ਆਏ ਸੁਝਾਵਾਂ ਅਨੁਸਾਰ ਵਰਤਮਾਨ ਚੋਣ-ਪ੍ਰਣਾਲੀ ਦਾ ਕੋਈ ਸਾਰਥਕ ਬਦਲ ਲਭਣ ਜਾਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ? ਸ਼ਾਇਦ ਨਹੀਂ। ਹੈਰਾਨੀ ਇਸ ਗਲ ਦੀ ਹੈ ਕਿ ਕੇਵਲ ਇਹ ਸਲਾਹ ਦੇ ਕੇ ਕਿ ਵਰਤਮਾਨ ਪ੍ਰਣਾਲੀ ਦਾ ਕੋਈ ਸਾਰਥਕ ਬਦਲ ਲਭਿਆ ਜਾਏ, ਜਾਂ ਇਹ ਆਖ ਕਿ ਇਸਦੇ ਬਦਲ ਤਾਂ ਕਈ ਹਨ, ਜਿਨ੍ਹਾਂ ਵਿਚੋਂ ਕੋਈ ਚੰਗਾ ਜਿਹਾ ਬਦਲ ਅਪਨਾਇਆ ਜਾ ਸਕਦਾ ਹੈ, ਪਲਾ ਕਿਉਂ ਝਾੜ ਲਿਆ ਜਾਂਦਾ ਹੈ? ਕੀ ਅਜਿਹਾ ਕਰ ਕੇ, ਕੌਮ ਨੂੰ ਦੁਬਿੱਧਾ ਵਿਚ ਪਾਣਾ, ਸਿੱਖ ਰਾਜਨੀਤੀ ਦੇ ਖਿਡਾਰੀਆਂ ਅਤੇ ਬੁਧੀਜੀਵੀ-ਵਿਦਵਾਨਾਂ ਦਾ ਸੁਭਾਉ ਨਹੀਂ ਬਣ ਗਿਆ ਹੋਇਆ?

ਇਸੇ ਦੌਰਾਨ ਕੁਝ ਵਿਦਵਾਨ-ਬੁਧੀਜੀਵੀਆਂ ਨੇ ਆਪਣੀ ਵਿਦਵਤਾ ਦਾ ਸਿੱਕਾ ਬਿਠਾਣ ਦੇ ਉਦੇਸ਼ ਨਾਲ, ਗੁਰਦੁਆਰਾ ਪ੍ਰਬੰਧਕਾਂ ਦੀ ਚੋਣ ਕਰਨ ਸਬੰਧੀ ਅਪਨਾਈ ਗਈ ਹੋਈ ਚੋਣ ਪ੍ਰਣਾਲੀ ਦਾ ਵਿਰੋਧ ਕਰਦਿਆਂ, ਇਹ ਦਲੀਲ ਤੱਕ ਦੇ ਦਿਤੀ ਕਿ ਨਾ ਤਾਂ ਗੁਰੂ ਨਾਨਕ ਦੇਵ ਜੀ ਨੇ ਗੁਰਗਦੀ ਦੀ ਸੌਂਪਣਾ ਕਰਦਿਆਂ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਕਰਨ ਲਈ ਕਿਸੇ ਤਰ੍ਹਾਂ ਦੇ ਮਤਦਾਨ ਦਾ ਸਹਾਰਾ ਲਿਆ ਸੀ। ਇਸ ਕਰ ਕੇ ਵਰਤਮਾਨ ਵਿਚ ਵੀ ਗੁਰਦੁਆਰਾ ਪ੍ਰਬੰਧਕਾਂ ਦੀ ਚੋਣ ਲਈ ਮਤਦਾਨ ਦਾ ਸਹਾਰਾ ਨਹੀਂ ਲਿਆ ਜਾਣਾ ਚਾਹੀਦਾ। ਇਉਂ ਜਾਪਦਾ ਹੈ, ਜਿਵੇਂ ਇਹ ਦਲੀਲ ਦੇਣ ਵਾਲੇ ਬੁਧੀਜੀਵੀ ਅਪ੍ਰਤਖ ਰੂਪ ਵਿਚ ਇਹ ਕਹਿਣਾ ਚਾਹੁੰਦੇ ਸਨ ਕਿ ਇਨ੍ਹਾਂ ਦੀ ਚੋਣ ਦਾ ਅਧਿਕਾਰ ਉਨ੍ਹਾਂ ਨੂੰ ਸੌਂਪ ਦੇਣਾ ਚਾਹੀਦਾ ਹੈ ਤਾਂ ਜੋ ਉਹ ਗੁਰੂ ਸਾਹਿਬਾਨ ਵਲੋਂ ਅਪਨਾਏ ਗਏ ਢੰਗ ਰਾਹੀਂ ਗੁਰਦੁਆਰਾ ਕਮੇਟੀਆਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੀ ਚੋਣ ਕਰ ਦਿਆ ਕਰਨ। ਵਿਚਾਰਨ ਵਾਲੀ ਗਲ ਤਾਂ ਇਹ ਹੈ ਕਿ ਕੀ ਇਨ੍ਹਾਂ ਜਾਂ ਇਨ੍ਹਾਂ ਵਰਗੇ ਕਿਸੇ ਹੋਰ ਵਿਦਵਾਨ ਵਿਚ ਇਤਨੀ ਸਮਰਥਾ ਜਾਂ ਸੂਝ ਹੈ ਕਿ ਉਹ ਉਸੇ ਤਰ੍ਹਾਂ ਦੀ ਚੋਣ ਕਰ ਸਕੇ, ਜਿਸਤਰ੍ਹਾਂ ਦੀ ਚੋਣ ਗੁਰੂ ਸਾਹਿਬਾਨ ਵਲੋਂ ਕੀਤੀ ਜਾਂਦੀ ਰਹੀ?

ਚਾਹੀਦਾ ਤਾਂ ਇਹ ਹੈ ਕਿ ਜੇ ਕਿਸੇ ਪ੍ਰਣਾਲੀ ਨੂੰ ਮਾੜਾ ਕਹਿਣ ਦੀ ਦਲੇਰੀ ਕੀਤੀ ਹੈ, ਤਾਂ ਉਸਨੂੰ ਸੁਧਾਰਨ ਦੀ ਸਮਰਥਾ ਦਾ ਅਹਿਸਾਸ ਵੀ ਕਰਵਾਇਆ ਜਾਣਾ ਚਾਹੀਦਾ ਹੈ। ਇਹ ਗਲ ਸਮਝ ਲੈਣੀ ਜ਼ਰੂਰੀ ਹੈ ਕਿ ਕਈ ਢੰਗ-ਪ੍ਰਣਾਲੀਆਂ ਅਤੇ ਰਸਤੇ ਅਜਿਹੇ ਹੁੰਦੇ ਹਨ, ਜਿਨ੍ਹਾਂ ਦਾ ਬਦਲ ਲਭਣਾ, ਉਤਨਾ ਸਹਿਜ ਨਹੀਂ ਹੁੰਦਾ, ਜਿਤਨਾ ਕਿ ਉਨ੍ਹਾਂ ਨੂੰ ਮਾੜਾ ਕਹਿ ਭੰਡ ਦੇਣਾ। ਜੇ ਸੁਚਜਾ ਬਦਲ, ਜਿਸ ਤੇ ਅਮਲ ਕੀਤਾ ਜਾਣਾ ਸੰਭਵ ਹੋ ਸਕਦਾ ਹੋਵੇ, ਨਜ਼ਰ ਨਾ ਆਏ ਤਾਂ ਸਥਾਪਤ ਪ੍ਰਣਾਲੀ ਨੂੰ ਹੀ ਸੁਧਾਰਣ ਦੀ ਕੌਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਅਤੇ ਅੰਤ ਵਿੱਚ :ਅੱਜ ਸਮੁੱਚਾ ਸਿੱਖ-ਪੰਥ ਕਈ ਅਣ-ਸੁਲਝੇ ਵਿਵਾਦਾਂ ਦਾ ਸ਼ਿਕਾਰ ਹੋ, ਅਜਿਹੀਆਂ ਹਨੇਰ-ਿਆਂ ਗਲੀਆਂ ਵਿੱਚ ਭਟਕ ਅਤੇ ਉਨ੍ਹਾਂ ਵਿਚੋਂ ਬਾਹਰ ਨਿਕਲਣ ਲਈ ਹੱਥ-ਪੈਰ ਮਾਰ ਰਿਹਾ ਹੈ, ਜਿਨ੍ਹਾਂ ਵਿਚੋਂ ਬਾਹਰ ਨਿਕਲਣ ਦਾ ਉਸਨੂੰ ਕੋਈ ਰਾਹ ਨਹੀਂ ਵਿਖਾਈ ਦੇ ਰਿਹਾ। ਆਪਣਿਆਂ ਵਿਚੋਂ ਵੀ ਉਸਨੂੰ ਕੋਈ ਅਜਿਹੀ ਸ਼ਖਸੀਅਤ ਨਜ਼ਰ ਨਹੀਂ ਆ ਰਹੀ, ਜੋ ਸਿੱਖੀ ਨੂੰ ਬਚਾਣ ਪ੍ਰਤੀ ਸੁਹਿਰਦ ਹੋ, ਪੰਥ ਲਈ ਚਾਨਣ-ਮਨਾਰਾ ਬਣ, ਹਨੇਰੀਆਂ ਗਲੀਆਂ ਵਿਚੋਂ ਬਾਹਰ ਨਿਕਲਣ ਵਿੱਚ ਉਸਦਾ ਮਾਰਗ-ਦਰਸ਼ਨ ਕਰ ਸਕੇ!

ਜੇ ਸੱਚਾਈ ਸਵੀਕਾਰ ਕੀਤੀ ਜਾ ਸਕੇ ਤਾਂ ਸੱਚਾਈ ਇਹੀ ਹੈ ਕਿ ਵਿਵਾਦਾਂ ਵਿੱਚ ਘਿਰੇ ਸਿੱਖਾਂ ਪਾਸ ਨਾ ਤਾਂ ਕੋਈ ਅਜਿਹੀ ਸੋਝੀ ਰਹਿਣ ਦਿੱਤੀ ਗਈ ਹੈ, ਜਿਸਦੇ ਸਹਾਰੇ ਉਹ ਇਸ ਦੁਬਿੱਧਾ ਵਿਚੋਂ ਬਾਹਰ ਨਿਕਲਣ ਲਈ ਇਹ ਫੈਸਲਾ ਕਰ ਸਕਣ ਕਿ ਕਿਹੜਾ ਰਾਹ ਉਨ੍ਹਾਂ ਨੂੰ ਮੰਜ਼ਿਲ ਤਕ ਪਹੁੰਚਾਣ ਵਿਚ ਸਹਾਈ ਹੋਵੇਗਾ ਅਤੇ ਨਾ ਹੀ ਉਨ੍ਹਾਂ ਪਾਸ ਅਜਿਹਾ ਕੋਈ ਆਗੂ ਰਹਿ ਗਿਆ ਹੋਇਆ ਹੈ, ਜੋ ਮਾਰਗ-ਦਰਸ਼ਨ ਕਰ, ਉਨ੍ਹਾਂ ਨੂੰ ਇਸ ਦੁਬਿੱਧਾ ਵਿਚੋਂ ਉਭਾਰ, ਠੀਕ ਰਾਹ ਤੇ ਪਾ ਸਕੇ।

# ਕੀ ਹੋ ਸਕਦੀ ਹੈ ਵੋਟਿੰਗ ਮਸ਼ੀਨਾਂ ਨਾਲ ਛੇੜਛਾੜ?

## 24 ਸਾਲ ਦਾ ਲੰਬਾ ਸਮਾਂ ਲੱਗਾ ਈ.ਵੀ.ਐਮ. ਨੂੰ ਵੋਟਿੰਗ ਪ੍ਰਕਿਰਿਆ ਦਾ ਹਿੱਸਾ ਬਣਨ 'ਚ

ਨਵੀਂ ਦਿੱਲੀ - 1977 'ਚ ਪਾਰਦਰਸ਼ਤਾ ਲਈ ਚੋਣ ਕਮਿਸ਼ਨ ਨੇ ਇਲੈਕਟ੍ਰੋਨਿਕ ਵੋਟਿੰਗ ਮੈਕੇਨਿਜ਼ਮ ਬਣਾਉਣ ਲਈ ਕਿਹਾ। ਉਦੋਂ ਈ.ਵੀ.ਐਮ. ਬਣੀ। 6 ਅਗਸਤ 1980 ਨੂੰ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਈ.ਵੀ.ਐਮ. ਵਿਖਾਈ। ਸਾਰੇ ਪਹਿਲੂਆਂ 'ਤੇ ਵਿਚਾਰ-ਚਰਚਾ ਕਰਨ ਤੋਂ ਬਾਅਦ ਸਾਰੀਆਂ ਪਾਰਟੀਆਂ ਨੇ ਸਕਾਰਾਤਮਕ ਪ੍ਰਤੀਕ੍ਰਿਆ ਦਿੱਤੀ ਸੀ। ਭਾਰਤ ਇਲੈਕ-ਟ੍ਰੋਨਿਕਸ ਲਿਮਟਿਡ ਨੂੰ ਈ.ਵੀ.ਐਮ. ਬਣਾਉਣ ਦੀ ਜ਼ਿੰ-ਮੇਵਾਰੀ ਮਿਲੀ। ਸਭ ਤੋਂ ਪਹਿਲਾਂ 1982 'ਚ ਪਾਇਲਟ ਪ੍ਰਾਜੈਕਟ ਵਜੋਂ ਕੇਰਲ 'ਚ ਈ.ਵੀ.ਐਮ. ਨਾਲ ਵੋਟਿੰਗ ਹੋਈ। ਫਿਰ 1998 'ਚ ਆਰ.ਪੀ. ਐਕਟ 1951 ਅਤੇ ਚੋਣ ਪ੍ਰੀ-ਕਿਰਿਆ ਐਕਟ 1961 'ਚ ਸੋਧ ਕੀਤੀ ਗਈ। ਨਵੰਬਰ 1998 'ਚ ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੀ 16 ਵਿਧਾਨ ਸਭਾ ਸੀਟਾਂ (ਹਰੇਕ 'ਚ ਪੰਜ ਪੋਲਿੰਗ ਸਟੇਸ਼ਨ) 'ਤੇ ਈ.ਵੀ.ਐਮ. ਦੀ ਵਰਤੋਂ ਕੀਤੀ ਗਈ। ਦਿੱਲੀ ਦੀ 6 ਵਿਧਾਨ ਸਭਾ ਸੀਟਾਂ 'ਤੇ ਵੀ ਇਸ ਦੀ ਵਰਤੋਂ ਕੀਤੀ ਗਈ। ਫਿਰ ਸਾਲ 2004 ਦੀਆਂ ਲੋਕ ਸਭਾ ਚੋਣਾਂ 'ਚ ਪੂਰੇ ਦੇਸ਼ ਵਿਚ ਈ.ਵੀ.ਐਮ. ਦੀ ਵਰਤੋਂ ਕੀਤੀ ਗਈ। ਮਤਲਬ 24 ਸਾਲ ਲੱਗ ਗਏ ਈ.ਵੀ.ਐਮ. ਨੂੰ ਵੋਟਿੰਗ ਪ੍ਰਕਿਰਿਆ ਦਾ ਹਿੱਸਾ ਬਣਨ 'ਚ।

ਸਖਤ ਤਕਨੀਕੀ ਜਾਂਚ ਪ੍ਰਣਾਲੀ 'ਚੋਂ ਲੰਘਦੀ ਹੈ ਈ.ਵੀ.ਐਮ.

* ਈ.ਵੀ.ਐਮ. ਇੰਟਰਨੈਟ ਨਾਲ ਕਨੈਕਟ ਨਹੀਂ ਹੁੰਦਾ। ਅਜਿਹੇ 'ਚ ਹੈਕ ਕਰਨਾ ਸੰਭਵ ਨਹੀਂ ਹੈ।

* ਕਿਹੜੀ ਈ.ਵੀ.ਐਮ. ਕਿਸ ਬੂਥ 'ਤੇ ਰਹੇਗੀ, ਇਸ ਗੱਲ ਦਾ ਪਤਾ ਪਹਿਲਾਂ ਨਹੀਂ ਹੁੰਦਾ। ਸਿਰਫ਼ ਪੋਲਿੰਗ ਸਟੇਸ਼ਨ ਨੂੰ ਇਕ ਦਿਨ ਪਹਿਲਾਂ ਹੀ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਬੂਥ 'ਤੇ ਕਿਹੜੇ ਸੀਰੀਜ਼ ਦੀ ਈ.ਵੀ.ਐਮ. ਪੁੱਜੀ ਹੈ।

* ਵੋਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਈ.ਵੀ.ਐਮ. ਦੀ ਹਰ ਪਹਿਲੂ ਤੋਂ ਟੈਸਟਿੰਗ ਹੁੰਦੀ ਹੈ। ਇਹ ਵੀ ਵੇਖਿਆ ਜਾਂਦਾ ਹੈ ਕਿ ਇਸ 'ਚ ਕਿਸੇ ਤਰ੍ਹਾਂ ਦੀ ਕੋਈ ਛੇੜਛਾੜ ਤਾਂ ਨਹੀਂ ਕੀਤੀ ਗਈ ਹੈ।

* ਇਸ ਪ੍ਰਕਿਰਿਆ ਨੂੰ ਮੌਕ ਪੋਲਿੰਗ ਕਿਹਾ ਜਾਂਦਾ ਹੈ। ਇਸ ਪ੍ਰੀਕਿਰਿਆ ਤੋਂ ਬਾਅਦ ਹੀ ਵੋਟਿੰਗ ਹੁੰਦੀ ਹੈ।

* ਸਾਰੇ ਪੋਲਿੰਗ ਏਜੰਟਾਂ ਨੂੰ ਮਸ਼ੀਨ 'ਚ ਵੋਟ ਪਾਉਣ ਲਈ ਕਿਹਾ ਜਾਂਦਾ ਹੈ, ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਉਮੀਦਵਾਰਾਂ ਦੇ ਵੋਟ ਉਨ੍ਹਾਂ ਦੇ ਪੱਖ 'ਚ ਜਾ ਰਹੇ ਹਨ ਜਾਂ ਕੁਝ ਗੜਬੜ ਹੈ।

* ਜੇ ਮਸ਼ੀਨ 'ਚ ਟੈਂਪਰਿੰਗ ਜਾਂ ਗੜਬੜੀ ਹੋਵੇਗੀ ਤਾਂ ਵੋਟਿੰਗ ਤੋਂ ਪਹਿਲਾਂ ਪਕੜ 'ਚ ਆ ਜਾਵੇਗੀ।

* ਸੁਪਰੀਮ ਕੋਰਟ ਨੇ ਪਾਰਦਰਸ਼ਤਾ ਲਿਆਉਣ ਲਈ ਈ.ਵੀ.ਐਮ. 'ਚ ਤੀਜੀ ਯੂਨਿਟ ਵੀ.ਵੀ.ਪੀ.ਏ.ਟੀ. ਵੀ ਜੋੜੀ ਹੈ।

* ਵੋਟ ਦੇਣ ਤੋਂ ਬਾਅਦ ਏ.ਟੀ.ਐਮ. ਦੀ ਤਰਜ਼ 'ਤੇ ਪਰਚੀ ਨਿਕਲਦੀ ਹੈ। ਇਹ ਲਿਖਿਆ ਹੁੰਦਾ ਹੈ ਕਿ ਵੋਟ ਕਿਸ ਨੂੰ ਪਾਈ ਹੈ। ਇਸ ਨੂੰ ਬੈਲੇਟ ਬਾਕਸ 'ਚ ਸੁਰ-ਖਿਅਤ ਰੱਖ ਲਿਆ ਜਾਂਦਾ ਹੈ। ਇਹ ਬਾਕਸ ਕਮਿਸ਼ਨ ਕੋਲ ਹੁੰਦੇ ਹਨ।




* 2019 ਦੇ ਲੋਕ ਸਭਾ ਚੋਣ 'ਚ ਪਾਰਦਰਸ਼ਤਾ ਲਈ ਇਸ ਨੂੰ ਵੀ.ਵੀ.ਪੀ.ਏ.ਟੀ. ਤਕਨੀਕ ਨੂੰ ਜੋੜਿਆ ਜਾਵੇਗਾ।

ਗੋਆ, ਪੰਜਾਬ ਦੀ 20 ਅਤੇ ਯੂ.ਪੀ. ਦੀ 30 ਸੀਟਾਂ 'ਤੇ ਵੀ.ਵੀ.ਪੀ.ਏ.ਟੀ. ਨਾਲ ਚੋਣ ਹੋਈ ਹੈ। ਹੁਣ ਚੋਣ ਕਮਿਸ਼ਨ ਪਾਰਦਰਸ਼ਤਾ ਨੂੰ ਸਾਬਤ ਕਰਨ ਲਈ ਇਨ੍ਹਾਂ ਪਰ-ਚੀਆਂ ਦੀ ਗਿਣਤੀ ਕਰਵਾ ਸਕਦਾ ਹੈ। ਜੇ ਮਾਮਲਾ ਕੋਰਟ 'ਚ ਜਾਵੇਗਾ ਤਾਂ ਇਨ੍ਹਾਂ ਪਰਚੀਆਂ ਦੀ ਗਿਣਤੀ ਕਰਵਾਈ ਜਾ ਸਕਦੀ ਹੈ, ਕਿਉਂਕਿ ਵੀ.ਵੀ.ਪੀ.ਏ.ਟੀ. ਨੂੰ ਇਸ ਲਈ ਜੋੜਿਆ ਗਿਆ ਹੈ ਤਾਂ ਕਿ ਵਿਵਾਦ ਹੋਣ 'ਤੇ ਪਰਚੀ ਦੀ ਗਿਣਤੀ ਦੇ ਵਿਵਾਦ ਨੂੰ ਖਤਮ ਕੀਤਾ ਜਾ ਸਕੇ।

### ਹੈਕਿੰਗ ਦਾ ਦਾਅਵਾ

2010 'ਚ ਮਿਸ਼ੀਗਨ ਯੂਨੀਵਰਸਿਟੀ ਦੇ ਪ੍ਰੋਫੈਸਰ ਜੇ. ਐ-ਲੇਕਸ ਹਾਲਡਰਮੈਨ ਦੀ ਅਗਵਾਈ 'ਚ ਤਿੰਨ ਵਿਗਿਆਨੀਆਂ ਨੇ ਇੰਟਰਨੈਟ 'ਤੇ ਇਕ ਵੀਡੀਉ ਅਪਲੋਡ ਕੀਤੀ। ਭਾਰਤੀ ਈ.ਵੀ.ਐਮ. 'ਚ ਚਿਪ ਲਗਾ ਕੇ ਸਮਾਰਟਫੋਨ ਰਾਹੀਂ ਹੈਕ ਕਰਦਿਆਂ ਵਿਖਾਇਆ ਗਿਆ। ਚੋਣ ਕਮਿਸ਼ਨ ਨੇ ਦੋਸ਼ਾਂ ਨੂੰ ਨਕਾਰਿਆ। ਬਾਅਦ 'ਚ ਇਸ ਟੀਮ ਵਿਚ ਸ਼ਾਮਲ ਭਾਰਤੀ ਵਿਗਿਆਨੀ ਹਰਿ ਪ੍ਰਸਾਦ ਨੂੰ ਈ.ਵੀ.ਐਮ. ਚੋਰੀ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ ਗਿਆ।

### ਚੋਣ ਕਮਿਸ਼ਨ ਦਾ ਦਾਅਵਾ

ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਭਾਰਤੀ ਈ.ਵੀ.ਐਮ. ਦੀ ਤੁਲਨਾ ਦੂਜੇ ਦੇਸ਼ਾਂ ਦੀ ਈ.ਵੀ.ਐਮ. ਨਾਲ ਕਰਨਾ ਗਲਤ ਹੈ, ਕਿਉਂਕਿ ਦੂਜੇ ਦੇਸ਼ਾਂ 'ਚ ਨਿੱਜੀ ਕੰਪਿਊਟਰ ਵਾਲੇ ਈ.ਵੀ.ਐਮ. ਦੀ ਵਰਤੋਂ ਹੁੰਦੀ ਹੈ, ਜੋ ਆਪ੍ਰੇਟਿੰਗ ਸਿਸਟਮ ਨਾਲ ਚਲਦੀ ਹੈ। ਇਸ ਲਈ ਇਨ੍ਹਾਂ ਨੂੰ ਹੈਕ ਕੀਤਾ ਜਾ ਸਕਦਾ ਹੈ। ਜਦਕਿ ਸਾਡੀ ਈ.ਵੀ.ਐਮ. ਕਿਸੇ ਵੀ ਨੈੱਟਵਰਕ ਨਾਲ ਕਨੈਕਟ ਨਹੀਂ ਹੋ ਸਕਦੀ। ਨਾ ਹੀ ਇਸ 'ਚ ਵੱਖਰਾ ਇਨਪੁਟ ਪਾਇਆ ਜਾ ਸਕਦਾ ਹੈ।

### ਵਿਦੇਸ਼ਾਂ 'ਚ ਈ.ਵੀ.ਐਮ. 'ਤੇ ਲੱਗੀ ਰੋਕ

* ਯੂਰਪ ਅਤੇ ਅਮਰੀਕਾ 'ਚ ਈ.ਵੀ.ਐਮ. ਦੀ ਵਰਤੋਂ 'ਤੇ ਰੋਕ ਲਗਾਈ ਜਾ ਚੁੱਕੀ ਹੈ।

* ਨੀਦਰਲੈਂਡ ਵੀ ਪਾਰਦਰਸ਼ਤਾ ਦੀ ਕਮੀ ਦਾ ਹਵਾਲਾ ਦਿ-ਦਿਆਂ ਪਾਬੰਦੀ ਲਗਾ ਚੁੱਕਾ ਹੈ।

* ਆਇਰਲੈਂਡ ਨੇ ਤਿੰਨ ਸਾਲ ਅਤੇ ਲਗਭਗ 350 ਕਰੋੜ ਰੁਪਏ ਰਿਸਰਚ 'ਤੇ ਖਰਚ ਕਰਨ ਤੋਂ ਬਾਅਦ ਪਾਰਦਰਸ਼ਤਾ ਦਾ ਹਵਾਲਾ ਦਿੰਦਿਆਂ ਈ.ਵੀ.ਐਮ. 'ਤੇ ਰੋਕ ਲਗਾ ਦਿੱਤੀ। ਇਟਲੀ ਨੇ ਕਿਹਾ ਕਿ ਇਸ ਦੇ ਨਤੀਜੇ ਬਦਲੇ ਜਾ ਸਕਦੇ ਹਨ ਅਤੇ ਵਾਪਸ ਬੈਲਟ 'ਤੇ ਆ ਗਏ।

ਈ.ਵੀ.ਐਮ. 'ਚ ਚਿੱਪ ਲਗਾ ਕੇ ਮੋਬਾਈਲ ਨਾਲ ਗੜਬੜੀ ਕੀਤੀ ਜਾ ਸਕਦੀ ਹੈ, ਪਰ ਇਹ ਹਕੀਕਤ ਵਿਚ ਸੰਭਵ ਨਹੀਂ ਹੈ। ਇਸ ਲਈ ਲੱਖਾਂ ਈ.ਵੀ.ਐਮ. ਚਿੱਪਾਂ ਲਗਾਉਣੀਆਂ ਪੈਣਗੀਆਂ, ਜੋ ਸੰਭਵ ਨਹੀਂ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਟੇਜ 'ਤੇ ਲੱਖਾਂ ਲੋਕਾਂ ਦੀ ਲੋੜ ਪਵੇਗੀ। ਅਜਿਹੇ 'ਚ ਛੇੜਛਾੜ ਨੂੰ ਗੁਪਚੁਪ ਰੱਖਣਾ ਸੰਭਵ ਨਹੀਂ ਹੈ।

### ਵੋਟਿੰਗ ਮਸ਼ੀਨ ਨਾਲ ਗਿਣਤੀ ਹੋਈ ਸੁਖਾਲੀ

* ਬੈਲਟ ਪੇਪਰ ਦੀ ਚੋਣ ਪ੍ਰੀਕਿਰਿਆ ਲੰਮੀ ਅਤੇ ਗੁੰਝਲਦਾਰ ਸੀ। ਨਜ਼ਦੀਕੀ ਮੁਕਾਬਲਿਆਂ 'ਚ ਦੁਬਾਰਾ ਗਿਣਤੀ ਹੁੰਦੀ ਸੀ। ਇਸ 'ਚ ਗਲਤੀ ਦੀ ਵੀ ਸੰਭਾਵਨਾ ਜ਼ਿਆਦਾ ਰਹਿੰਦੀ ਸੀ।

* ਬੈਲਟ ਪੇਪਰਾਂ ਦੀ ਛਪਾਈ, ਰੱਖ-ਰਖਾਅ ਅਤੇ ਟਰਾਂਸਪੋਰਟੇਸ਼ਨ 'ਚ ਕਾਫੀ ਖਰਚਾ ਆਉਂਦਾ ਸੀ।

* ਹਰ ਚੋਣ ਕੇਂਦਰ 'ਤੇ ਬੈਲੇਟ ਬਾਕਸ ਦੀ ਲੋੜ ਹੁੰਦੀ ਸੀ, ਜਿਸ 'ਚ ਲੱਖਾਂ ਬਾਕਸ ਦੀ ਵਰਤੋਂ ਹੁੰਦੀ ਸੀ।

* ਪੇਪਰ ਬੈਲਟ ਨੂੰ ਸੁਰੱਖਿਅਤ ਤਰੀਕੇ ਨਾਲ ਰੱਖਣ 'ਚ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ।

* ਬੈਲਟ ਪੇਪਰਾਂ ਦੀ ਗਿਣਤੀ 'ਚ ਪੂਰਾ ਦਿਨ ਜਾਂ ਉਸ ਤੋਂ ਵੀ ਜ਼ਿਆਦਾ ਸਮਾਂ ਲੱਗ ਜਾਂਦਾ ਸੀ।

ਕਿਵੇਂ ਕੰਮ ਕਰਦੀ ਹੈ ਈ.ਵੀ.ਐਮ.

* ਕੰਟਰੋਲ ਯੂਨਿਟ ਅਤੇ ਬੈਲੇਟਿੰਗ ਯੂਨਿਟ, ਜੋ ਆਪਸ 'ਚ 5 ਮੀਟਰ ਕੇਬਲ ਨਾਲ ਜੁੜੀ ਹੁੰਦੀ ਹੈ।

* ਕੰਟਰੋਲ ਯੂਨਿਟ ਮੁੱਖ ਅਧਿਕਾਰੀ ਕੋਲ ਹੁੰਦੀ ਹੈ।

* ਬੈਲੇਟਿੰਗ ਯੂਨਿਟ ਵੋਟਿੰਗ ਕੰਪਾਰਟਮੈਂਟ 'ਚ ਰੱਖੀ ਹੁੰਦੀ ਹੈ।

* ਕੰਟਰੋਲ ਯੂਨਿਟ ਦਾ ਇੰਚਾਰਜ ਬੈਲਟ ਬਟਨ ਨੂੰ ਦੱਬੇਗਾ।

* ਇਸ ਤੋਂ ਬਾਅਦ ਵੋਟਰ ਬੈਲੇਟਿੰਗ ਯੂਨਿਟ 'ਤੇ ਆਪਣੇ ਉਮੀਦਵਾਰ ਦੇ ਸਾਮਹਣੇ ਨੀਲੇ ਬਟਨ ਨੂੰ ਦਬਾ ਕੇ ਆਪਣਾ ਵੋਟ ਪਾਉਂਦਾ ਹੈ। ਲਾਈਟ ਦੇ ਨਾਲ ਬੀਪ ਦੀ ਆਵਾਜ਼ ਆਉਂਦੀ ਹੈ।

# ਕੀ ਸੱਚਮੁੱਚ ਭਾਜਪਾ 2018 'ਚ ਰਾਮ ਮੰਦਿਰ ਬਣਾ ਲਵੇਗੀ?

**ਨਵੀਂ ਦਿੱਲੀ –** ਭਾਰਤੀ ਜਨਤਾ ਪਾਰਟੀ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣ 'ਚ ਸਫਲ ਹੁੰਦੀ ਜਾ ਰਹੀ ਹੈ। ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਬਣਾਇਆ ਗਿਆ ਹੈ, ਜੋ ਨਾ ਸਿਰਫ ਰਾਮ ਮੰਦਿਰ ਬਣਾਉਣ ਦੀ ਪੂਰੀ ਵਕਾਲਤ ਕਰਦਾ ਰਿਹਾ ਹੈ, ਸਗੋਂ ਫਿਰਕੂ ਬਿਆਨ ਦੇਣ ਵਿਚ ਵੀ ਬੜਾ ਪ੍ਰਸਿੱਧ ਰਿਹਾ ਹੈ। ਅਜਿਹੇ ਮਾਹੌਲ ਵਿਚ ਇਕ ਵਾਰ ਫਿਰ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਦੀ ਮੰਗ ਨੇ ਜ਼ੋਰ ਫੜ ਲਿਆ ਹੈ।ਉਤਰ ਪ੍ਰਦੇਸ਼ ਵਿੱਚ ਯੋਗੀ ਅਦਿੱਤਿਆਨਾਥ ਵਰਗੇ ਕੱਟੜਵਾਦੀ ਦੀ ਅਗਵਾਈ ਹੇਠ ਸਰਕਾਰ ਕਾਇਮ ਹੋ ਜਾਣ ਦੇ ਬਾਵਜੂਦ ਭਾਜਪਾ ਦਾ ਖ਼ਿਆਲ ਹੈ ਕਿ ਇਸ ਦਾ ਅਯੁੱਧਿਆ ਵਿੱਚ ਰਾਮ ਮੰਦਰ ਉਸਾਰਨ ਦਾ ਸੁਪਨਾ ਅਪਰੈਲ 2018 ਤੋਂ ਬਾਅਦ ਹੀ ਪੂਰਾ ਹੋ ਸਕੇਗਾ। ਪਾਰਟੀ ਨੂੰ ਆਸ ਹੈ ਕਿ ਉਦੋਂ ਤੱਕ ਇਸ ਨੂੰ ਰਾਜ ਸਭਾ ਵਿੱਚ ਬਹੁਮਤ ਹਾਸਲ ਹੋ ਜਾਵੇਗਾ ਤੇ ਫਿਰ ਇਸ ਲਈ ਮੰਦਰ ਦੀ ਉਸਾਰੀ ਵਾਸਤੇ ਕਾਨੂੰਨ ਬਣਾਉਣ ਵਿੱਚ ਕੋਈ ਅੜਚਣ ਨਹੀਂ ਆਵੇਗੀ। ਅਦਾਲਤਾਂ ਵਿਚ ਚਲਦੇ ਕੇਸਾਂ ਦੇ ਬਾਵਜੂਦ ਕੁਝ ਜਥੇਬੰਦੀਆਂ ਵੱਲੋਂ 6 ਨਵੰਬਰ, 1992 ਨੂੰ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਗਿਆ ਸੀ, ਕਿਉਂਕਿ ਇਹ ਜਥੇਬੰਦੀਆਂ ਇਸ ਜਗ੍ਹਾ ਨੂੰ ਭਗਵਾਨ ਰਾਮ ਦਾ ਜਨਮ ਸਥਾਨ ਮੰਨਦੀਆਂ ਰਹੀਆਂ ਹਨ। ਇਸ ਤੋਂ ਬਾਅਦ ਵੱਡੀ ਪੱਧਰ 'ਤੇ ਫਿਰਕੂ ਦੰਗੇ ਵੀ ਹੋਏ ਸਨ ਅਤੇ ਉਸ ਤੋਂ ਬਾਅਦ ਤੋਂ ਹੀ ਕੋਰਟਾਂ-ਕਚਹਿਰੀਆਂ ਵਿਚ ਇਹ ਵਿਵਾਦਤ ਕੇਸ ਚਲਦਾ ਆ ਰਿਹਾ ਹੈ। ਇਸ ਨੂੰ ਇਲਾਹਾਬਾਦ ਹਾਈ ਕੋਰਟ ਨੇ ਹੱਲ ਕਰਨ ਦਾ ਯਤਨ ਕੀਤਾ ਸੀ। ਉਸ ਨੇ ਸਾਲ 2010 ਵਿਚ ਸਾਰੀਆਂ ਧਿਰਾਂ ਨੂੰ ਆਪਸ ਵਿਚ ਮਿਲ ਬੈਠ ਕੇ ਇਹ ਮਸਲਾ ਹੱਲ ਕਰਨ ਲਈ ਕਿਹਾ ਸੀ ਅਤੇ ਵਿਵਾਦ ਵਾਲੀ 277 ਏਕੜ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਸਬੰਧੀ ਫੈਸਲਾ ਦਿੱਤਾ ਸੀ, ਪਰ ਕਿਸੇ ਵੀ ਧਿਰ ਨੂੰ ਇਹ ਫੈਸਲਾ ਪ੍ਰਵਾਨ ਨਹੀਂ ਹੋਇਆ। ਇਸ ਲਈ ਕੇਸ ਸੁਪਰੀਮ ਕੋਰਟ ਤੱਕ ਜਾ ਪੁੱਜਾ। ਹੁਣ ਸੁਪਰੀਮ ਕੋਰਟ ਦੇ ਚੀਫ ਜਸਟਿਸ ਜਸਟਿਸ ਖੇਹਰ ਦੀ ਅਗਵਾਈ ਵਾਲੇ ਜੱਜਾਂ ਦੇ ਬੈਂਚ ਨੇ ਇਹ ਕਿਹਾ ਹੈ ਕਿ ਇਸ ਮਸਲੇ ਨੂੰ ਸਾਰੀਆਂ ਧਿਰਾਂ ਵੱਲੋਂ ਮਿਲ ਬੈਠ ਕੇ ਹੱਲ ਕਰਨਾ ਚਾਹੀਦਾ ਹੈ।



ਇਸ ਸਬੰਧੀ ਵੀ ਕਈ ਤਰ੍ਹਾਂ ਦੇ ਪ੍ਰਤੀਕਰਮ ਸਾਹਮਣੇ ਆਏ ਹਨ। ਬਾਬਰੀ ਮਸਜਿਦ ਐਕਸ਼ਨ ਕਮੇਟੀ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਹਿੰਦੂ ਮਹਾਂ ਸਭਾ ਵੱਲੋਂ ਵੀ ਇਸ ਸੁਝਾਅ ਨੂੰ ਖਾਰਜ ਕੀਤਾ ਗਿਆ ਹੈ। ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਅਤੇ ਰਾਮ ਜਨਮ ਭੂਮੀ ਵਿਵਾਦ ਨਾਲ ਸਬੰਧਤ ਕੁਝ ਸੰਤਾਂ ਨੇ ਇਸ ਮਸਲੇ ਨੂੰ ਅਦਾਲਤ ਤੋਂ ਬਾਹਰ ਸੁਲਝਾਉਣ ਲਈ ਸਹਿਮਤੀ ਜਤਾਈ ਹੈ, ਪਰ ਕੁਝ ਮੁਸਲਿਮ ਜਥੇਬੰਦੀਆਂ ਵੱਲੋਂ ਇਹ ਕਿਹਾ ਗਿਆ ਹੈ ਕਿ ਇਹ ਮਸਲਾ ਜ਼ਮੀਨ ਦੇ ਮਾਲਕਾਨਾ ਹੱਕਾਂ ਦਾ ਹੈ, ਜਦੋਂ ਕਿ ਇਲਾਹਾਬਾਦ ਹਾਈ ਕੋਰਟ ਨੇ ਇਸ ਨੂੰ ਗਲਤੀ ਨਾਲ ਭਾਈਵਾਲੀ ਦਾ ਮਸਲਾ ਸਮਝ ਲਿਆ ਸੀ। ਬਾਬਰੀ ਮਸਜਿਦ ਨੂੰ ਢਾਹੇ ਜਾਣ ਤੋਂ 31 ਸਾਲਾਂ ਬਾਅਦ ਵੀ ਇਹ ਮਸਲਾ ਸੁਲਝ ਨਹੀਂ ਸਕਿਆ। ਹੁਣ ਜੋ ਆਪਸੀ ਮਿਲ ਬੈਠ ਕੇ ਮਸਲਾ ਹੱਲ ਕਰਨ ਦੀ ਹਦਾਇਤ ਸੁਪਰੀਮ ਕੋਰਟ ਨੇ ਦਿੱਤੀ ਹੈ, ਉਸ ਦਿਸ਼ਾ ਵਿਚ ਪਹਿਲਾਂ ਵੀ ਕਈ ਵਾਰ ਵੱਡੇ ਯਤਨ ਹੋ ਚੁੱਕੇ ਹਨ। ਮਈ 2016 ਵਿਚ ਇਕ ਵਾਰ ਫਿਰ ਦੋਵਾਂ ਧਿਰਾਂ ਦੇ ਆਗੂਆਂ ਨੇ ਇਕੱਠੇ ਹੋ ਕੇ ਇਸ ਨੂੰ ਸੁਲਝਾਉਣ ਦਾ ਯਤਨ ਕੀਤਾ ਸੀ, ਪਰ ਇਸ ਨਾਲ ਵੀ ਕੋਈ ਸੰਤੁਸ਼ਟੀਜਨਕ ਹੱਲ ਨਹੀਂ ਸੀ ਕੱਢਿਆ ਜਾ ਸਕਿਆ।

# ਯੋਗੀ ਅਦਿਤਿਆਨਾਥ ਨੇ ਅਣਵਿਆਹੇ ਮੁੱਖ ਮੰਤਰੀਆਂ ਦੀ ਗਿਣਤੀ ਵਧਾਈ

**ਨਵੀਂ ਦਿੱਲੀ –** ਦੇਸ਼ ਵਿੱਚ ਅਣਵਿਆਹੇ ਮੁੱਖ ਮੰਤਰੀਆਂ ਦੇ ਕਲੱਬ ਵਿੱਚ ਇਕ ਹੋਰ ਮੈਂਬਰ ਸ਼ਾਮਲ ਹੋ ਗਿਆ ਹੈ। ਪੁਜਾਰੀ ਤੋਂ ਸਿਆਸਤਦਾਨ ਬਣੇ ਯੋਗੀ ਆਦਿਤਿਆਨਾਥ (44), ਜਿਨ੍ਹਾਂ ਨੇ ਯੂਪੀ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ ਹੈ, ਹੁਣ ਉੱਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦਰ ਸਿੰਘ ਰਾਵਤ (56), ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ (62), ਅਸਾਮ ਦੇ ਮੁੱਖ ਮੰਤਰੀ ਸਰਬਨੰਦ ਸੋਨੋਵਾਲ (54) ਅਤੇ ਉੜੀਸਾ ਦੇ ਮੁੱਖ ਮੰਤਰੀ ਤੇ ਬੀਜੇਡੀ ਮੁਖੀ ਨਵੀਨ ਪਟਨਾਇਕ (70) ਵਾਲੀ ਸ਼੍ਰੇਣੀ ਵਿੱਚ ਸ਼ਾਮਲ ਹੋ ਗਏ ਹਨ। ਕੱਟੜ ਹਿੰਦੂਵਾਦੀ ਵਿਚਾਰਾਂ ਕਾਰਨ ਵਿਵਾਦਾਂ ਵਿੱਚ ਰਹੇ ਆਦਿਤਿਆਨਾਥ ਦੇਸ਼ ਦੇ ਸਭ ਤੋਂ ਵੱਡੀ ਆਬਾਦੀ ਵਾਲੇ ਸੂਬੇ ਦੇ ਪਹਿਲੇ ਅਣਵਿਆਹੇ ਪੁਰਸ਼ ਮੁੱਖ ਮੰਤਰੀ ਬਣੇ ਹਨ। ਪਟਨਾਇਕ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ ਨੂੰ ਛੱਡ ਕੇ ਸਾਰੇ ਅਣਵਿਆਹੇ ਮੁੱਖ ਮੰਤਰੀ ਭਾਜਪਾ ਦੇ ਹਨ।

ਨਵੇਂ ਸਿਰਕੱਢ ਸਿਆਸਤਦਾਨਾਂ ਵਿੱਚ ਸ਼ਾਮਲ ਰਾਹੁਲ ਗਾਂਧੀ (46), ਜੋ ਕਾਂਗਰਸ ਦੇ ਵਾਰਿਸ ਹਨ, ਤੋਂ ਇਲਾਵਾ ਬਸਪਾ ਸੁਪਰੀਮੋ ਮਾਇਆਵਤੀ (61) ਅਤੇ ਸੀਨੀਅਰ ਭਾਜਪਾ ਆਗੂ ਉਮਾ ਭਾਰਤੀ (57) ਅਣ-ਵਿਆਹੇ ਹਨ। ਸਿਆਸਤਦਾਨਾਂ ਲਈ ਵਿਆਹ ਨਾ ਕਰਾਉਣਾ ਇਕ ਮਾਣ ਵਾਲੀ ਗੱਲ ਵੀ ਬਣ ਸਕਦਾ ਹੈ। ਮਾਇਆਵਤੀ ਵੱਲੋਂ ਚੋਣ ਰੈਲੀਆਂ ਵਿੱਚ ਅਕਸਰ ਕਿਹਾ ਜਾਂਦਾ ਹੈ, 'ਮੈਂ ਨੀਵੀਂ ਜਾਤੀ ਦੀ ਹਾਂ, ਮੈਂ ਵਿਆਹ ਨਹੀਂ ਕਰਾਇਆ ਅਤੇ ਮੈਂ ਤੁਹਾਡੀ ਹਾਂ।' ਸਾਲ 2000 ਤੋਂ ਉੜੀਸਾ ਦੀ ਸੱਤਾ ਉਤੇ ਕਾਬਜ਼ ਨਵੀਨ ਪਟਨਾਇਕ ਵੱਲੋਂ ਵੀ ਅਕਸਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਕੋਈ ਪਰਿਵਾਰ ਨਹੀਂ ਹੈ, ਜਿਸ ਕਾਰਨ ਉਨ੍ਹਾਂ ਦੀ ਸਰਕਾਰ ਵਿੱਚ ਕਾਂਗਰਸ ਵਾਂਗਪਰਿਵਾਰਵਾਦ ਦਾ ਕੋਈ ਖ਼ਤਰਾ ਨਹੀਂ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਗੋਆ ਦੇ ਮਨੋਹਰ ਪਰੀਕਰ ਵਿਧੁਰ ਹਨ।



ਆਰਐਸਐਸ ਦੇ ਕਈ ਕਾਰਕੁਨਾਂ ਵਾਂਗ ਮੋਹਨ ਭਾਗਵਤ, ਜੋ ਭਾਜਪਾ ਦੀ ਵਿਚਾਰਧਾਰਾ ਦੇ ਸ੍ਰੋਤ ਦੇ ਮੁਖੀ ਹਨ, ਨੇ ਵੀ ਵਿਆਹ ਨਾ ਕਰਾਉਣ ਦਾ ਫ਼ੈਸਲਾ ਕੀਤਾ ਸੀ। ਭਾਜਪਾ ਦੇ ਸੀਨੀਅਰ ਆਗੂ ਅਟਲ ਬਿਹਾਰੀ ਵਾਜਪਾਈ ਨੇ ਵੀ ਵਿਆਹ ਨਹੀਂ ਕਰਾਇਆ। ਉਨ੍ਹਾਂ ਵੱਲੋਂ ਜਨਤਕ ਬੈਠਕਾਂ ਵਿੱਚ ਕਿਹਾ ਜਾਂਦਾ ਸੀ ਕਿ ਉਨ੍ਹਾਂ ਦਾ ਪਰਿਵਾਰ ਨਹੀਂ ਹੈ, ਜਿਸ ਕਾਰਨ ਪਰਿਵਾਰਵਾਦ ਦਾ ਸਵਾਲ ਹੀ ਨਹੀਂ ਉੱਠਦਾ। ਸ੍ਰੀ ਵਾਜਪਾਈ ਦੇਸ਼ ਦੇ ਤਿੰਨ ਵਾਰ ਪ੍ਰਧਾਨ ਮੰਤਰੀ ਬਣੇ। ਵਿਆਹ ਨਾ ਕਰ-ਾਉਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਵਿੱਚੋਂ ਸਿਰਕੱਢਵੇਂ ਡਾ. ਏ ਪੀ ਜੇ ਅਬਦੁਲ ਕਲਾਮ, ਜੋ ਸਾਇੰਸਦਾਨ ਸਨ, ਦੇਸ਼ ਦੇ 11ਵੇਂ ਰਾਸ਼ਟਰਪਤੀ ਬਣੇ ਸਨ। 'ਮਿਜ਼ਾਈਲ ਮੈਨ ਆਫ ਇੰਡੀਆ' ਦਾ 2015 ਵਿੱਚ ਦੇਹਾਂਤ ਹੋ ਗਿਆ ਸੀ। ਤਾਮਿਲ ਨਾਡੂ ਦੀ ਮਰਹੂਮ ਮੁੱਖ ਮੰਤਰੀ ਜੇ ਜੈਲਲਿਤਾ ਨੇ ਵੀ ਵਿਆਹ ਨਹੀਂ ਕਰਾਇਆ ਸੀ। ਉਨ੍ਹਾਂ ਦਾ ਪਿਛਲੇ ਸਾਲ ਦਸੰਬਰ ਵਿੱਚ 68 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।

# ਨੀਵੀ ਪਾ ਕੇ ਲੰਘ ਰਹੇ ਹੋ ਲੰਘ ਜਾਓ, ਮੈਂ ਸ਼ੀਸ਼ਾ ਹਾਂ ਮੇਰੀ ਆਪਣੀ ਜ਼ਿੰਮੇਵਾਰੀ ਹੈ!

**ਇਸ ਵੇਲੇ ਪੰਥ ਨੂੰ ਦੋ ਧਿਰਾਂ ਤੋਂ ਬਹੁਤ ਖਤਰੇ ਹਨ। ਪਹਿਲੀ ਧਿਰ ਪੰਥਕ ਰਹਿਤ ਮਰਿਯਾਦਾ ਨੂੰ ਅੰਗ੍ਰੇਜ਼ਾਂ ਦੀ ਬਣਾਈ ਹੋਈ ਦੱਸ ਕੇ ਆਪਣੇ ਹੀ ਧੜੇ ਦੀ ਮਰਿਯਾਦਾ ਨੂੰ ਪੰਥਕ ਮਰਿਯਾਦਾ ਵਜੋਂ ਠੋਸਣ ਲਈ ਬਜਿੱਦ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗ੍ਰੰਥਾਂ ਨੂੰ ਸਥਾਪਤ ਕਰਨਾ ਪ੍ਰਮੁੱਖ ਏਜੰਡਾ ਹੈ। ਇਹ ਧਿਰ ਅਖੌਤੀ ਬਾਬਿਆਂ, ਸਾਧਾਂ, ਡੇਰਿਆਂ ਅਤੇ ਬਾਦਲਾਂ ਦੀ ਮੱਦਦ ਨਾਲ ਵੀ ਪੰਥਕ ਜੱਫੇ ਲਈ ਯਤਨਸ਼ੀਲ ਹੈ ਪਰ ਇਹਨਾ ਦੇ ਯਤਨ ਫਿਲਹਾਲ ਇਸ ਕਰਕੇ ਮੱਠੇ ਪੈ ਗਏ ਹਨ ਕਿਉਂਕਿ ਪੰਜਾਬ ਦੇ ਲੋਕਾਂ ਨੇ ਬਾਦਲਾਂ ਨੂੰ ਰਾਜਨੀਤਕ ਤੌਰ 'ਤੇ ਮੂਧੇ ਕਰ ਦਿੱਤਾ ਹੈ। ਦੂਜੀ ਧਿਰ ਵੀ ਪਹਿਲੀ ਧਿਰ ਵਾਂਗ ਹੀ ਪੰਥਕ ਰਹਿਤ ਮਰਿਯਾਦਾ ਨੂੰ ਅੰਗ੍ਰੇਜ਼ਾਂ ਦੀ ਬਣਾਈ ਹੋਈ ਦੱਸ ਕੇ ਦਸਮ ਪਾਤਸ਼ਾਹ ਦੀ ਬਾਣੀ, ਨਿੱਤ ਨੇਮ ਅਤੇ ਅੰਮ੍ਰਿਤ ਦੀਆਂ ਬਾਣੀਆਂ ਅਤੇ ਪੰਥਕ ਅਰਦਾਸ ਤੋਂ ਮੁਨਕਰ ਹੈ।**



ਕੁਲਵੰਤ ਸਿੰਘ ਢੇਸੀ, ਯੂ ਕੇ

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ 26 ਸਾਲ 9 ਮਹੀਨੇ ਅਤੇ 13 ਦਿਨ ਦੀ ਭੋਰਾ ਸਾਹਿਬ ਵਿਚ ਰਹਿਣ ਦੀ ਮਿੱਥ ਸਬੰਧੀ ਇਹ ਕਹਿਣ 'ਤੇ ਤੁਫਾਨ ਉੱਠ ਖੜ੍ਹਾ ਹੋਇਆ ਹੈ ਕਿ ਗੁਰੂ ਸਾਹਿਬ ਇਹ ਸਾਰਾ ਸਮਾਂ ਭੋਰੇ ਵਿਚ ਨਹੀਂ ਸੀ ਵੜੇ ਰਹੇ ਸਗੋਂ ਉਹ ਸਿੱਖੀ ਪ੍ਰਚਾਰ ਕਰਦੇ ਰਹੇ ਸਨ। ਇਸ ਵਿਵਾਦ ਨੂੰ ਲੈ ਕੇ ਜਿਥੇ ਦੋਹਾਂ ਧਿਰਾਂ ਦੇ ਹਿਮਾਇਤੀਆਂ ਵਲੋਂ ਆਪੋ ਆਪਣੀ ਵਿਆਖਿਆ ਦੇ ਕੇ ਆਪਣੇ ਪੱਖ ਨੂੰ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਥੇ ਭਾਈ ਰਣਜੀਤ ਸਿੰਘ ਨੂੰ ਘੇਰਨ ਅਤੇ ਮੁੜ ਛਬੀਲ ਲਾਉਣ ਦੀਆਂ ਧਮਕੀਆਂ ਵੀ ਜਾਰੀ ਹਨ।

ਪੰਥ ਵਿਚ ਇਸ ਸਮੇਂ ਦੋ ਪ੍ਰਮੁੱਖ ਧੜੇ ਟਕਰਾਓ ਵਿਚ ਹਨ ਜਿਹਨਾ ਵਿਚੋਂ ਇੱਕ ਧੜਾ ਦਮਦਮੀ ਟਕਸਾਲ, ਸੰਤ ਸਮਾਜ ਅਤੇ ਉਹਨਾ ਦੇ ਹਿਮਾਇਤੀਆਂ ਦਾ ਹੈ ਅਤੇ ਦੂਜਾ ਧੜਾ ਮਿਸ਼ਨਰੀ ਪ੍ਰਚਾਰਕਾਂ ਅਤੇ ਉਹਨਾ ਦੇ ਹਿਮਾਇਤੀਆਂ ਦਾ ਹੈ। ਟਕਸਾਲ ਦਾ ਧੜਾ ਕੇਵਲ ਵੱਡਾ ਹੀ ਨਹੀਂ ਹੈ ਸਗੋਂ ਉਹਨਾ ਨੂੰ ਸ਼੍ਰੋਮਣੀ ਕਮੇਟੀ ਅਤੇ ਬਾਦਲਾਂ ਦੀ ਹਿਮਾਇਤ ਪ੍ਰਾਪਤ ਹੋਣ ਕਾਰਨ ਉਹਨਾ ਨੇ ਹਮਲਾਵਰ ਰੁੱਖ ਵੀ ਅਪਣਾਇਆ ਹੋਇਆ ਹੈ। ਉਹਨਾ ਦਾ ਪ੍ਰਮੁੱਖ ਏਜੰਡਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗ੍ਰੰਥ ਪ੍ਰਕਾਸ਼ ਕਰਕੇ ਆਪਣੇ ਧੜੇ ਦੀ ਮਰਿਯਾਦਾ ਨੂੰ ਪੰਥ ਦੀ ਮਰਿਯਾਦਾ ਵਜੋਂ ਸਥਾਪਤ ਕਰਨਾ ਹੈ। ਮਿਸ਼ਨਰੀਆਂ ਦੀ ਹਿਮਾਇਤ ਵਿਚ ਖੜ੍ਹੇ ਪ੍ਰੋ: ਦਰਸ਼ਨ ਸਿੰਘ ਅਤੇ ਉਸੇ ਤਰਜ ਦੇ ਹੋਰ ਵਿਅਕਤੀਆਂ ਅਤੇ ਸੰਸਥਾਵਾਂ ਨੇ ਨਿਤਨੇਮ ਅਤੇ ਅੰਮ੍ਰਿਤ ਦੀਆਂ ਬਾਣੀਆਂ ਵਿਚ ਸ਼ਾਮਲ ਦਸਮ ਪਾਤਸ਼ਾਹ ਦੀ ਬਾਣੀ ਅਤੇ ਪੰਥਕ ਅਰਦਾਸ ਤੋਂ ਮੁਨਕਰ ਹੋ ਕੇ ਸਰਕਾਰੀ ਟਕਸਾਲੀਆਂ ਅਤੇ ਉਹਨਾਂਦੇ ਹਿਮਾਇਤੀਆਂ ਦੀ ਬਹੁਤ ਵੱਡੀ ਮੱਦਦ ਕਰ ਦਿੱਤੀ ਹੈ। ਦਸਮ ਪਾਤਸ਼ਾਹ ਦੀ ਬਾਣੀ ਅਤੇ ਪੰਥਕ ਰਹਿਤ ਮਰਿਯਾਦਾ ਨਕਾਰਨ ਕਰਕੇ ਪ੍ਰੋਫੈਸਰ ਧੜੇ ਨੇ ਆਪਣੇ ਵਿਰੋ-ਧੀਆਂ ਦੇ ਹੱਥ ਪੱਕੇ ਕੀਤੇ ਹਨ। ਹੁਣ ਇਹ ਲੋਕ ਮਿਸ਼ਨਰੀਆਂ ਦਾ ਹਊਆ ਖੜ੍ਹਾ ਕਰਕੇ ਆਪਣੇ ਧੜੇ ਨੂੰ ਹੀ ਪੰਥ ਸਾਬਤ ਕਰਨ ਦੀ ਦੌੜ ਵਿਚ ਹਨ ਭਾਵੇਂ ਕਿ ਪੰਥਕ ਰਹਿਤ ਮਰਿਯਾਦਾ ਤੇ ਇਹ ਖੁਦ ਵੀ ਓਨੇ ਹੀ ਹਮਲਾਵਰ ਹਨ ਜਿੰਨਾ ਕਿ ਪ੍ਰੋ: ਦਰਸ਼ਨ ਸਿੰਘ ਧੜਾ।

ਟਕਸਾਲ ਦੇ ਰਾਹ ਦਾ ਪ੍ਰਮੁੱਖ ਰੋੜਾ ਹੁਣ ਭਾਈ ਰਣਜੀਤ ਸਿੰਘ ਢੱਡਰੀਆਂ ਹੀ ਹੈ ਕਿਉਂਕਿ ਪ੍ਰੋ: ਦਰਸ਼ਨ ਸਿੰਘ ਨੂੰ ਸਰਕਾਰੀ ਜਥੇਦਾਰਾਂ ਦੀ ਮੱਦਦ ਨਾਲ ਪੰਥ ਵਿਚੋਂ ਖਾਰਜ ਕਰਕੇ ਅਲੱਗ ਥਲੱਗ ਕਰ ਚੁੱਕੇ ਹਨ ਅਤੇ ਮਿਸ਼ਨਰੀਆਂ ਦਾ ਕੋਈ ਐਸਾ ਲੱਠ ਮਾਰ ਧੜਾ ਨਹੀਂ ਹੈ ਜੋ ਵਿਰੋਧੀਆਂ ਦਾ ਸਾਹਮਣਾ ਕਰ ਸਕੇ। ਟਕਸਾਲ ਦੇ ਕਈ ਧੜਿਆਂ ਨੇ ਭਾਈ ਰਣਜੀਤ ਸਿੰਘ 'ਤੇ ਇਸ ਵੇਲੇ ਦੂਰਬੀਨ ਫਿੱਟ ਕੀਤੀ ਹੋਈ ਹੈ ਅਤੇ ਉਹ ਉਸ ਦੀ ਕਹੀ ਹੋਈ ਸਿੱਧੀ ਗੱਲ ਨੂੰ ਵੀ ਪੁੱਠੀ ਸਿੱਧ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਸਿੱਖੀ ਪ੍ਰਚਾਰ ਦੀ ਕੋਈ ਗੱਲ ਕਿਸ ਭਾਵਨਾ ਨਾਲ ਕਹੀ ਜਾ ਰਹੀ ਹੈ ਇਸ ਗੱਲ ਨੂੰ ਅਣਗੌਲਿਆਂ ਕਰਕੇ ਅਤੇ ਕੋਈ ਗੱਲ ਕਿਸ ਪ੍ਰਸੰਗ ਵਿਚ ਕਹੀ ਗਈ ਹੈ ਇਸ ਨੂੰ ਵੀ ਅੱਖ ਪਰੋਖੇ ਕਰਕੇ ਉਹ ਸਿਰਫ ਵਿਰੋਧ ਦਾ ਬਹਾਨਾ ਹੀ ਲੱਭ ਰਹੇ ਹਨ। ਉਧਰ ਭਾਈ ਰਣਜੀਤ ਸਿੰਘ ਨੇ ਭਾਵੇਂ ਨਿਮਰਤਾ ਦੇ ਲਹਿਜੇ ਨੂੰ ਨਹੀਂ ਤਿਆਗਿਆ ਪਰ ਉਹ ਤੱਤ ਗੁਰਮਿਤ ਅਸੂਲਾਂ ਦੀ ਵਿਆਖਿਆ ਕਰਦਿਆਂ ਕਿਸੇ ਦਾ ਵੀ ਲਿਹਾਜ ਨਹੀਂ ਪਾਲਦੇ ਅਤੇ ਹਰ ਗੱਲ ਸਿੱਧੀ ਸਿੱਧੀ ਅਤੇ ਖਰੀ ਖਰੀ ਕਹਿਣ ਲਈ ਬਜਿਦ ਹੈ। ਧੁੰਮਾਂ ਟਕਸਾਲ ਵਲੋਂ ਭਾਈ ਰਣਜੀਤ ਸਿੰਘ 'ਤੇ ਛਬੀਲ ਦੇ ਬਹਾਨੇ ਜਾਨ ਲੇਵਾ ਹਮਲਾ ਪਹਿਲਾਂ ਵੀ ਹੋ ਚੁੱਕਾ ਹੈ ਜਿਸ ਵਿਚ ਭਾਈ ਰਣਜੀਤ ਸਿੰਘ ਦਾ ਇੱਕ ਸਾਥੀ ਸ਼ਹੀਦ ਵੀ ਹੋ ਚੁੱਕਾ ਹੈ। ਹੁਣ ਟਕਸਾਲ ਦੇ ਦੂਜੇ ਧੜੇ ਛਬੀਲ ਵਾਲਿਆਂ ਦੀ ਤਰਜ 'ਤੇ ਹੀ ਹਮਲਾਵਰ ਹਨ ਜਿਸ ਦੀ ਅਗਵਾਈ ਇਸ ਵੇਲੇ ਅਜਨਾਲਾ ਧੜਾ ਕਰ ਰਿਹਾ ਹੈ। ਅਮਰੀਕ ਸਿੰਘ ਅਜਨਾਲਾ ਭਾਵੇਂ ਬਾਬਾ ਧੁੰਮਾਂ ਅਤੇ ਗਿਆਨੀ ਰਾਮ ਸਿੰਘ ਬਾਰੇ ਬਹੁਤ ਹੀ ਭੱਦੀ ਭਾਸ਼ਾ ਵਰਤ ਚੁੱਕਾ ਹੈ ਪਰ ਢੱਡਰੀਆਂ ਵਾਲੇ ਦੇ ਵਿਰੋਧ ਵਿਚ ਉਸ ਦਾ ਦੂਜਿਆਂ ਤੋਂ ਵੀ ਵੱਧ ਜੋਰ ਲੱਗਾ ਹੋਇਆ ਹੈ।

ਜਿਥੋਂ ਤਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 26 ਸਾਲ 9 ਮਹੀਨੇ ਅਤੇ 13 ਦਿਨ ਭੋਰੇ ਵਿਚ ਭਗਤੀ ਕਰਨ ਦਾ ਸਵਾਲ ਹੈ ਇਸ ਹਿਸਾਬ ਵਿਚ ਵੱਡੀ ਗੜਬੜ ਇਸ ਕਾਰਨ ਹੋ ਜਾਂਦੀ ਹੈ ਕਿਉਂਕਿ ਪੰਥ ਦੇ ਸਾਰੇ ਹੀ ਪ੍ਰਮੁੱਖ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਸੰਨ 1744 ਨੂੰ ਜਦੋਂ ਜੋਤੀ ਸਮਾਏ ਤਾਂ ਉਹਨਾ ਨੇ (ਗੁਰੂ) ਤੇਗ ਬਹਾਦਰ ਸਾਹਿਬ (ਉਦੋਂ ਉਹ ਹਾਲੇ ਗੁਰੂ ਨਹੀਂ ਸੀ ਬਣੇ) ਨੂੰ ਕੀਰਤਪੁਰ ਸਾਹਿਬ ਤੋਂ ਆਪਣੇ ਨਾਨਕਾ ਪਿੰਡ ਬਾਬਾ ਬਕਾਲਾ ਸਾਹਿਬ ਜਾਣ ਲਈ ਕਿਹਾ। ਸਾਰੇ ਹੀ ਪ੍ਰਮੁੱਖ ਵਿਦਵਾਨ ਇਸ ਗੱਲ ਨਾਲ ਵੀ ਸਹਿਮਤ ਹਨ ਕਿ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੰਨ 1664 ਵਿਚ ਮਿਲੀ। ਇਹ ਸਮਾਂ ਵੀਹ ਸਾਲ ਦਾ ਬਣਦਾ ਹੈ ਨਾ ਕਿ 26 ਸਾਲ ਦਾ।



ਇਸ ਦੇ ਨਾਲ ਨਾਲ ਭੱਟ ਵਹੀਆਂ ਮੁਤਾਬਕ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਚਾਰ ਦੌਰਿਆਂ ਦੀ ਸਮਾਂ ਸਾਰਣੀ ਕਾਰਨ ਵੀ 26 ਸਾਲ ਭੋਰੇ ਵਿਚ ਰਹਿਣ ਦੀ ਗੱਲ ਸਿਰੇ ਚਾੜ੍ਹਨੀ ਮੁਸ਼ਕਲ ਹੋ ਜਾਂਦੀ ਹੈ। ਇਹਨੀਂ ਹੀ ਦਿਨੀ ਇੱਕ ਹੋਰ ਬੜਾ ਦਿਲਚਸਪ ਵਾਕਿਆ ਉਦੋਂ ਵਾਪਰਿਆ ਜਦੋਂ ਬਾਬਾ ਬਕਾਲਾ ਭੋਰਾ ਸਾਹਿਬ ਦੇ ਹੈਡ ਗ੍ਰੰਥੀ ਬਲਵਿੰਦਰ ਸਿੰਘ ਨੂੰ ਇੱਕ ਟੀ ਵੀ ਇੰਟਰਵਿਊ ਲਈ ਅੱਧੀ ਰਾਤ ਨੂੰ ਉਠਾ ਕੇ ਹੋਸਟ ਨੇ ਆਪਣੇ ਧੜੇ ਦੇ ਹੱਕ ਵਿਚ ਭੁਗਤਾਉਣ ਦੀ ਕੋਸ਼ਿਸ ਕੀਤੀ ਤਾਂ ਕਿ ਢੱਡਰੀਆਂ ਵਾਲਿਆਂ ਦੇ ਵਿਰੋਧ ਨੂੰ ਹਵਾ ਦਿਤੀ ਜਾ ਸਕੇ। ਭੋਰਾ ਸਾਹਿਬ ਦੇ ਹੈਡ ਗ੍ਰੰਥੀ ਨੇ ਵੀ ਇਹ ਗੱਲ ਕਹਿ ਦਿੱਤੀ ਕਿ ਗੁਰੂ ਤੇਗ ਬਹਾਦਰ ਸਾਹਿਬ ਕੋਲ ਇੱਕ ਘੋੜੀ ਸੀ ਅਤੇ ਉਹ ਸਿੱਖੀ ਦਾ ਪ੍ਰਚਾਰ ਕਰਨ ਬਾਹਰ ਜਾਂਦੇ ਸਨ।

ਸਿੱਖ ਧਰਮ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਜਨਮ ਮਿਤੀ ਕੱਤਕ ਜਾਂ ਵਿਸਾਖ ਬਾਰੇ ਮਤਭੇਦ ਹਨ। ਇਸ ਗੱਲ 'ਤੇ ਵੀ ਮਤਭੇਦ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਦਿਵਾਲੀ ਵਾਲੇ ਦਿਨ ਗਵਾਲੀਅਰ ਤੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਸਨ ਜਾਂ ਕਿ ਕਿਸੇ ਹੋਰ ਤਾਰੀਖ ਨੂੰ ਅਤੇ ਇਸ ਤਰਾਂ ਦੀਆਂ ਅਨੇਕਾਂ ਹੋਰ ਘਟਨਾਵਾਂ ਹਨ ਜਿਥੇ ਪੰਥਕ ਵਿਦਵਾਨ ਆਪੋ ਆਪਣੇ ਹਿਸਾਬ ਨਾਲ ਵਿਆਖਿਆ ਕਰਦੇ ਹਨ ਪਰ ਕੀ ਕਦੇ ਕਿਸ ਨੇ ਇਸ ਹੱਦ ਤੱਕ ਉਹਨਾਂ ਦਾ ਵਿਰੋਧ ਕੀਤਾ ਹੈ ਜਿਵੇਂ ਕਿ ਭਾਈ ਢੱਡਰੀਆਂ ਦਾ ਹੋ ਰਿਹਾ ਹੈ।

ਹੋਰ ਤਾਂ ਹੋਰ ਸਾਡੇ ਦੇਖਦਿਆਂ ਹੀ ਦੇਖਦਿਆਂ ਨੀਲਧਾਰੀ ਆਗੂ ਨੇ ਮਾਤਾ ਗੁਜਰ ਕੌਰ ਜੀ ਨੂੰ ਗੁਜਰੀ ਉੱਜੜੀ ਕਹਿ ਕੇ ਮਨਘੜਤ ਸਾਖੀ ਪ੍ਰਚਾਰ ਮਾਰੀ, ਅਕਾਲੀ ਆਗੂ ਮਲੂਕਾ ਨੇ ਪੰਥਕ ਅਰਦਾਸ ਦਾ ਹਿੰਦੂ ਕਰਨ ਕਰ ਦਿੱਤਾ, ਕਾਲੀ ਆਗੂਆਂ ਨੇ ਸੌਦੇ ਵਾਲੇ ਦੀ ਨਾਮ ਚਰਚਾ ਕਰਾਉਣ ਦਾ ਸ਼ਰ੍ਹੇਆਮ ਐਲਾਨ ਕੀਤਾ, ਪਰ ਕੀ ਟਕਸਾਲ ਵਾਲਿਆਂ ਨੇ ਇਹਨਾ ਦਾ ਵੀ ਉਸੇ ਤਰੀਕੇ ਨਾਲ ਵਿਰੋਧ ਕੀਤਾ ਜਿਵੇਂ ਕਿ ਉਹ ਭਾਈ ਢੱਡਰੀਆਂ ਦਾ ਕਰ ਰਹੇ ਹਨ? ਇਸ ਤੋਂ ਪਹਿਲਾਂ ਜਿਹਨਾ ਬਾਬਿਆਂ ਨੇ ਸੰਗਤਾਂ ਨੂੰ ਆਪਣੇ ਪੈਰਾਂ ਦਾ ਅੰਮ੍ਰਿਤ ਛਕਾਇਆ, ਜਿਹਨਾ ਬਾਬਿਆਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਸੰਧੂਰ ਦੇ ਤਿਲਕ ਲਾਏ ਕੀ ਭਾਈ ਅਜਨਾਲਾ ਵਰਗੇ ਯੋਧੇ ਉਹਨਾ 'ਤੇ ਵੀ ਚੜ੍ਹਾਈ ਕਰਕੇ ਗਏ? ਕੀ ਵਲੈਤੀ ਟਕਸਾਲੀਆਂ ਨੇ ਇਹਨਾਂ ਘਟਨਾਵਾਂ ਬਾਰੇ ਜਥੇਦਾਰ ਅਕਾਲ ਤਖਤ ਨੂੰ ਪਹੁੰਚ ਕੀਤੀ ਜਿਵੇਂ ਕਿ ਹੁਣ ਉਹ ਭਾਈ ਢੱਡਰੀਆਂ ਦੇ ਖਿਲਾਫ ਕਰ ਰਹੇ ਹਨ? ਹੋਰ ਤਾਂ ਹੋਰ ਜਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਅਖੌਤੀ ਜਾਨਸ਼ੀਨ ਬਾਦਲਾਂ ਦੇ ਪੈਰਾਂ ਵਿਚ ਬਹਿ ਕੇ ਸਾਰੇ ਹੀ ਪੰਥ ਨੂੰ ਬਾਦਲਾਂ ਦੀਆਂ ਲੰਮੀਆਂ ਉਮਰਾਂ ਦੀਆਂ ਅਰਦਾਸਾਂ ਕਰਨ ਦੀਆਂ ਅਪੀਲਾਂ ਕਰਨ ਲੱਗ ਪਏ ਤਾਂ ਕੀ ਟਕਸਾਲੀਆਂ ਨੂੰ ਉਸ ਵੇਲੇ ਧਰਮ ਨੂੰ ਖਤਰਾ ਨਾ ਦਿਸਿਆ? ਗੱਲ ਸਪੱਸ਼ਟ ਹੈ ਕਿ ਭਾਈ ਰਣਜੀਤ ਸਿੰਘ ਤੋਂ ਇਹਨਾ ਨੂੰ ਡਰ ਇਸ ਕਰਕੇ ਆਉਂਦਾ ਹੈ ਕਿਉਂਕਿ ਉਸਦੇ ਤੱਤ ਗੁਰਮਤ ਅਸੂਲਾਂ ਦੇ ਪ੍ਰਚਾਰ ਸਦਕਾ ਜੇਕਰ ਸੰਗਤ ਜਾਗਰੂਕ ਹੋ ਗਈ ਤਾਂ ਇਹਨਾਂ ਦਾ ਪੰਥਕ ਜੱਫਾ ਸਫਲ ਨਹੀਂ ਹੋਣਾ। ਅਸਲ ਮੁੱਦਾ ਕੇਵਲ ਪੰਥ ਨੂੰ ਜੱਫਾ ਮਾਰਨ ਦਾ ਹੈ।

ਇਹਨੀ ਹੀ ਦਿਨੀ ਨਵਤੇਜ ਸਿੱਧੂ ਨੇ ਘਰ ਦਾ ਭੇਤੀ ਹੋਣ ਕਾਰਨ ਬਾਦਲਾਂ ਦੀਆਂ ਧਾਂਦਲੀਆਂ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ ਹੈ ਪਰ ਅਜੇ ਉਹਨਾ ਅਖੌਤੀ ਸਾਧਾਂ ਦਾ ਭਾਂਡਾ ਭੰਨਿਆਂ ਜਾਣਾ ਬਾਕੀ ਹੈ ਜਿਹਨਾ ਨੇ ਬਾਦਲਾਂ ਦੇ ਸਿਰ ਤੇ ਮਨੀ ਗਰੈਬਿੰਗ ਅਤੇ ਲੈਂਡ ਗਰੈਬਿੰਗ ਦੇ ਲੱਲੂ ਲਾਏ। ਜੇਕਰ ਇਹ ਸਕੈਂਡਲ ਨੰਗੇ ਹੋ ਗਏ ਤਾਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਵੇਗੀ ਕਿ ਪੰਥਕ ਪ੍ਰਚਾਰਕਾਂ ਦਾ ਅੰਧਾਂ ਧੁੰਦ ਵਿਰੋਧ ਕਰਨ ਵਾਲੇ ਗਿਰੋਹ ਪੰਥ ਦੇ ਨਾਲ ਨਾਲ ਪੰਥ ਦੇ ਮਾਲ ਅਸਬਾਬ 'ਤੇ ਵੀ ਜੱਫੇ ਮਾਰ ਰਹੇ ਹਨ ਅਤੇ ਹੁਣ ਉਹਨਾ ਦੇ ਪਾਠਾਂ ਦੀਆਂ ਕੋਤਰੀਆਂ, ਸ਼ਖਸੀ ਪੂਜਾ, ਬਾਬਾ ਵਾਦ, ਡੇਰਾ ਵਾਦ ਅਤੇ ਸੰਗਮਰਮਰ ਅਤੇ ਸੋਨਾ ਲਾਉਣ ਦੇ ਸਕੈਂਡਲਾਂ ਨੂੰ ਜੇ ਕੋਈ ਖਤਰਾ ਹੈ ਤਾਂ ਉਹ ਹੈ ਉਹਨਾ ਪੰਥਕ ਪ੍ਰਚਾਰਕਾਂ ਤੋਂ ਜਿਹਨਾ ਨੂੰ ਕਿ ਉਹ ਮਰਨ ਮਾਰਨ 'ਤੇ ਤੁਲੇ ਹੋਏ ਹਨ।

ਭਾਈ ਢੱਡਰੀਆਂ ਸਬੰਧੀ ਹਾਲ ਪਾਹਰਿਆ ਕਰਨ ਵਾਲੇ ਅਜਨਾਲਾ ਵਰਗੇ ਵਿਅਕਤੀਆਂ ਤੋਂ ਸੰਗਤ ਇਹ ਵੀ ਪੁੱਛ ਰਹੀ ਹੈ ਕਿ ਇਹ ਭੱਦਰ ਪੁਰਸ਼ ਅਤੇ ਇਸ ਵਰਗੇ ਕਈ ਹੋਰ ਅਖੌਤੀ ਟਕਸਾਲੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਸ਼ਹਾਦਤ ਦੇ ਸੱਚ ਸਬੰਧੀ ਪਿਛਲੇ ਵੀਹ ਸਾਲ ਤੋਂ ਝੂਠਾ ਪੈਂਤੜਾ ਅਖਤਿਆਰ ਕਰਕੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਤੋਂ ਮੁਨਕਰ ਹੋ ਕੇ ਪੰਥ ਦੀਆਂ ਅੱਖਾਂ ਵਿਚ ਘੱਟਾ ਕਿਉ ਪਾ ਰਹੇ ਹਨ? ਜਿਹੜਾ ਅਜਨਾਲਾ ਸ੍ਰੀ ਅਕਾਲ ਤਖਤ ਦੀ ਮਰਿਯਾਦਾ ਤੋਂ ਸ਼ਰ੍ਹੇਆਮ ਮੁਨਕਰ ਹੈ ਉਸ ਨੂੰ ਪੰਥਕ ਜਥੇਦਾਰੀ ਦਾ ਹੱਕ ਕਿਵੇਂ ਹੋ ਸਕਦਾ ਹੈ? ਪਰ ਇਸ ਗੱਲ ਦਾ ਉਸ ਕੋਲ ਕੋਈ ਜਵਾਬ ਨਹੀਂ ਹੈ, ਕਿਉਂਕਿ ਝੂਠ ਤਾਂ ਝੂਠ ਹੀ ਹੈ। ਸੰਤਾਂ ਦੀ ਸ਼ਹਾਦਤ ਤੋਂ ਮੁਨਕਰ ਹੋਣ ਦਾ ਝੂਠ ਉਸ ਦੇ ਦੇਸਾਂ ਪ੍ਰਦੇਸਾਂ ਵਿਚ ਬੈਠੇ ਹੋਰ ਚੇਲੇ ਵੀ ਬੋਲ ਰਹੇ ਹਨ ਅਤੇ ਨਾਲ ਦੀ ਨਾਲ ਉਹ ਆਪਣੇ ਝੂਠ 'ਤੇ ਪਰਦਾ ਪਾਉਣ ਲਈ ਪੰਥਕ ਪਹਿਰੇਦਾਰੀ ਦਾ ਢੌਂਗ ਕਰਦੇ ਹੋਏ ਸੋਸ਼ਲ ਸਾਈਟਾਂ 'ਤੇ ਅੱਗ ਬਬੂਲਾ ਹੋ ਕੇ ਵੀਡੀਓ ਕਲਿਪ ਪਾ ਕੇ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਵੀ ਕਰ ਰਹੇ ਹਨ। ਅਸਲ ਵਿਚ ਸੰਤਾਂ ਦੀ ਕੁਰਬਾਨੀ ਮਗਰੋਂ ਦਮਦਮੀ ਟਕਸਾਲ ਦਾ ਕੱਦ ਬਹੁਤ ਉੱਚਾ ਉੱਠ ਗਿਆ ਸੀ ਪਰ ਕਿਸੇ ਸਾਜਸ਼ ਤਹਿਤ ਸੰਤਾਂ ਦੀ ਸ਼ਹਾਦਤ ਤੋਂ ਮੁਨਕਰ ਹੋ ਕੇ ਅਤੇ ਪੰਥਕ ਰਹਿਤ ਮਰਿਯਾਦਾ ਦਾ ਵਿਰੋਧ ਕਰਕੇ ਅਤੇ ਬਾਦਲਾਂ ਦੀ ਭ੍ਰਿਸ਼ਟ ਰਾਜਨੀਤੀ ਦੇ ਥੱਲੇ ਲੱਗ ਕੇ ਜਾਅਲੀ ਟਕਸਾਲੀਆਂ ਨੇ ਦਮਦਮੀ ਟਕਸਾਲ ਦੇ ਵਿਕਾਰ ਨੂੰ ਰੋਲ ਕੇ ਰੱਖ ਦਿੱਤਾ ਹੈ ਅਤੇ ਉਹ ਹੁਣੇ ਉਸੇ ਸਾਜਸ਼ ਤਹਿਤ ਤੱਤ ਗੁਰਮਤ ਦੀ ਵਿਆਖਿਆ ਕਰ ਰਹੇ ਹਰ ਪ੍ਰਚਾਰਕ ਦਾ ਅੰਧਾ ਧੁੰਦ ਵਿਰੋਧ ਵੀ ਕਰ ਰਹੇ ਹਨ।

ਇਸ ਵੇਲੇ ਪੰਥ ਨੂੰ ਦੋ ਧਿਰਾਂ ਤੋਂ ਬਹੁਤ ਖਤਰੇ ਹਨ। ਪਹਿਲੀ ਧਿਰ ਪੰਥਕ ਰਹਿਤ ਮਰਿਯਾਦਾ ਨੂੰ ਅੰਗ੍ਰੇਜਾ ਦੀ ਬਣਾਈ ਹੋਈ ਦੱਸ ਕੇ ਆਪਣੇ ਹੀ ਧੜੇ ਦੀ ਮਰਿਯਾਦਾ ਨੂੰ ਪੰਥਕ ਮਰਿਯਾਦਾ ਵਜੋਂ ਠੋਸਣ ਲਈ ਬਜਿੱਦ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਗ੍ਰੰਥਾਂ ਨੂੰ ਸਥਾਪਤ ਕਰਨਾ ਪ੍ਰਮੁੱਖ ਏਜੰਡਾ ਹੈ। ਇਹ ਧਿਰ ਅਖੌਤੀ ਬਾਬਿਆਂ, ਸਾਧਾਂ, ਡੇਰਿਆਂ ਅਤੇ ਬਾਦਲਾਂ ਦੀ ਮੱਦਦ ਨਾਲ ਵੀ ਪੰਥਕ ਜੱਫੇ ਲਈ ਯਤਨਸ਼ੀਲ ਹੈ ਪਰ ਇਹਨਾ ਦੇ ਯਤਨ ਫਿਲਹਾਲ ਇਸ ਕਰਕੇ ਮੱਠੇ ਪੈ ਗਏ ਹਨ ਕਿਉਂਕਿ ਪੰਜਾਬ ਦੇ ਲੋਕਾਂ ਨੇ ਬਾਦਲਾਂ ਨੂੰ ਰਾਜਨੀਤਕ ਤੌਰ 'ਤੇ ਮੂਧੇ ਕਰ ਦਿੱਤਾ ਹੈ। ਦੂਜੀ ਧਿਰ ਵੀ ਪਹਿਲੀ ਧਿਰ ਵਾਂਗ ਹੀ ਪੰਥਕ ਰਹਿਤ ਮਰਿਯਾਦਾ ਨੂੰ ਅੰਗ੍ਰੇਜ਼ਾਂ ਦੀ ਬਣਾਈ ਹੋਈ ਦੱਸ ਕੇ ਦਸਮ ਪਾਤਸ਼ਾਹ ਦੀ ਬਾਣੀ, ਨਿੱਤ ਨੇਮ ਅਤੇ ਅੰਮ੍ਰਿਤ ਦੀਆਂ ਬਾਣੀਆਂ ਅਤੇ ਪੰਥਕ ਅਰਦਾਸ ਤੋਂ ਮੁਨਕਰ ਹੈ। ਇਹਨਾ ਦੋਵੇਂ ਧਿਰਾਂ ਦੇ ਯਤਨ ਦਿਨੋ ਦਿਨ ਪੰਥ ਨੂੰ ਖਾਨਾਜੰਗੀ ਵੱਲ ਧੱਕ ਰਹੇ ਹਨ।

ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਇਹਨਾ ਵਿਚੋਂ ਕਿਸੇ ਦੇ ਵੀ ਫਿੱਟ ਨਹੀਂ ਬੈਠਦੇ ਕਿਉਂਕਿ ਉਹ ਦਸਮ ਪਾਤਸ਼ਾਹ ਦੀ ਬਾਣੀ, ਪੰਥਕ ਰਹਿਤ ਮਰਿਯਾਦਾ ਅਤੇ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਓਨਾ ਹੀ ਸਤਕਾਰ ਕਰਦੇ ਹਨ ਜਿੰਨਾ ਕਿ ਹਰ ਸਿੱਖ ਮਾਈ ਭਾਈ ਨੂੰ ਕਰਨਾ ਚਾਹੀਦਾ ਹੈ। ਸੰਪ੍ਰਦਾਈ ਲੋਕ ਭਾਈ ਢਡਰੀਆਂ 'ਤੇ ਦੋਸ਼ ਲਾ ਰਹੇ ਹਨ ਕਿ ਉਹ ਮਿਸ਼ਨਰੀ ਪ੍ਰਭਾਵ ਹੇਠ ਅੰਮ੍ਰਿਤ ਸਰੋਵਰ ਅਤੇ ਸੀਨਾ ਬਸੀਨਾ ਚਲੀਆਂ ਆ ਰਹੀਆਂ ਪੰਥਕ ਮਨੌਤਾਂ ਤੋਂ ਅਸਹਿਮਤ ਹੋ ਕੇ ਪੰਥਕ ਸਰੋਕਾਰਾਂ ਨੂੰ ਸੱਟ ਮਾਰ ਰਹੇ ਹਨ ਜੋ ਕਿ ਸਰਾਸਰ ਝੂਠ ਹੈ।

ਅਸਲ ਵਿਚ ਪੰਥਕ ਜੱਫੇ ਦੀ ਲਾਲਸਾ ਰੱਖਣ ਵਾਲਿਆਂ ਨੂੰ ਤੱਤ ਗੁਰਮਤ ਅਸੂਲਾਂ ਤੋਂ ਭੈ ਆ ਰਿਹਾ ਹੈ ਕਿ ਜੇਕਰ ਸੰਗਤ ਇਸ ਸਬੰਧੀ ਜਾਗਰੂਕ ਹੋ ਗਈ ਤਾਂ ਧੂਛ ਕਿਸਮ ਦੇ ਦੀਵਾਲੀਆ ਸੋਚ ਦੇ ਲੋਕਾਂ ਦਾ ਪੰਥਕ ਜੱਫੇ ਦਾ ਦਾਅ ਨਹੀਂ ਲੱਗ ਸਕਣਾ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ ਵਿਰੋਧ ਕਰਨ ਵਾਲੇ ਖਚਰੇ ਲੋਕ ਬੜੇ ਹੀ ਸਵਾਰਥੀ ਅਤੇ ਦੋਹਰੇ ਮਾਪ ਦੰਡਾਂ ਵਾਲੇ ਹਨ ਜੋ ਕਿ ਭ੍ਰਿਸ਼ਟ ਬਾਦਲਾਂ ਦੀ ਸਰਕਾਰੀ ਬੁਰਕੀ ਦੀ ਲਾਲਸਾ ਵਿਚ ਬੜੀ ਦੇਰ ਤੋਂ ਪੰਥਕ ਸਰੋਕਾਰਾਂ ਨੂੰ ਪਿੱਠ ਦੇ ਚੁੱਕੇ ਹਨ। ਸੰਗਤਾਂ ਨੂੰ ਜਿਥੇ ਇਹਨਾ ਪੰਥ ਵਿਰੋਧੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਉਥੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਾਂਗ ਤੱਤ ਗੁਰਮਤ ਅਸੂਲਾਂ 'ਤੇ ਪਹਿਰਾ ਦੇ ਰਹੇ ਸਾਰੇ ਹੀ ਸਿੱਖ ਵਿਦਵਾਨਾਂ ਅਤੇ ਪ੍ਰਚਾਰਕਾਂ ਨਾਲ ਢਾਲ ਬਣ ਕੇ ਖੜ੍ਹਨਾ ਚਾਹੀਦਾ ਹੈ। ਅਖੀਰ 'ਤੇ ਅਸੀ ਇਹ ਵੀ ਸਪੱਸ਼ਟ ਕਰ ਦੇਈਏ ਕਿ ਸਿੱਖੀ ਦੇ ਪ੍ਰਚਾਰ ਵਿਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਜਾਂ ਹੋਰ ਪ੍ਰਚਾਰਕਾਂ ਵਲੋਂ ਵੱਖ ਵੱਖ ਇਤਹਾਸਕ ਸ੍ਰੋਤਾਂ ਦੇ ਹਵਾਲਿਆਂ ਕਾਰਨ ਟੱਪਲਾ ਲੱਗ ਸਕਦਾ ਹੈ ਪਰ ਇਹ ਲੋਕ ਪੰਥ ਅਤੇ ਗ੍ਰੰਥ ਵਿਰੋਧੀ ਨਹੀਂ ਹਨ ਜਿਵੇਂ ਕਿ ਇਹਨਾ ਦੇ ਵਿਰੋਧੀ ਪ੍ਰਚਾਰ ਰਹੇ ਹਨ। ਅਸਲ ਵਿਚ ਇਹਨਾ ਦੇ ਵਿਰੋਧੀ ਖੁਦ ਝੂਠ ਦੀ ਦਲਦਲੀ ਜਮੀਨ 'ਤੇ ਖੜ੍ਹੇ ਹਨ ਜਿਥੋਂ ਫਿਸਲਣ ਦਾ ਉਹਨਾ ਦਾ ਡਰ ਹੀ ਉਹਨਾਂ ਦੀਆਂ ਲੇਰਾਂ ਕਢਵਾ ਰਿਹਾ ਹੈ।

## ਨਿਊਜ਼ੀਲੈਂਡ 'ਚ ਪੰਜਾਬੀ ਕੁੜੀ ਸੈਂਡੀ ਸੇਖੋਂ ਨੇ 15000 ਫੁੱਟ ਤੋਂ ਲਾਇਆ 'ਸਕਾਈ ਜੰਪ'



**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**-ਪੰਜਾਬੀ ਕੁੜੀਆਂ ਨੂੰ ਭਾਵੇਂ ਹੁਣ ਤੱਕ 'ਚਿੜੀਆਂ' ਦੇ ਨਾਲ ਤੁਲਨਾ ਕਰਕੇ ਉਨ੍ਹਾਂ ਦੀ ਸਮਰੱਥਾ ਨੂੰ ਬਹੁਤ ਘੱਟ ਮਾਤਰਾ ਵਿਚ ਵੇਖਿਆ ਜਾਂਦਾ ਰਿਹਾ ਹੈ, ਪਰ ਹੁਣ ਇਨ੍ਹਾਂ ਕੁੜੀਆਂ ਦੀ ਉਡਾਰੀ ਐਨੀ ਵੱਡੀ ਹੋ ਗਈ ਹੈ ਕਿ ਸਾਰੀਆਂ ਧਾਰਨਾਵਾਂ ਬਦਲਣੀਆਂ ਪੈ ਰਹੀਆਂ ਹਨ। ਹੌਂਸਲੇ ਵਾਲੇ ਕੰਮ ਜਿਆਦਾ ਤਰ ਪੁਰਸ਼ਾਂ ਦੇ ਹਿੱਸੇ ਆਏ ਪਰ ਕੁੜੀਆਂ ਵੀ ਹੁਣ ਪਿੱਛੇ ਨਹੀਂ ਹਨ। ਨਿਊਜ਼ੀਲੈਂਡ ਦੇ ਇਕ ਰੇਡੀਓ ਚੈਨਲ ਉਤੇ ਕੰਮ ਕਰਦੀ ਪੰਜਾਬੀ ਕੁੜੀ ਸੈਂਡੀ ਸੇਖੋਂ ਨੇ ਟਾਪੂ ਸ਼ਹਿਰ ਵਿਖੇ 15000 ਫੁੱਟ ਦੀ ਉਚਾਈ ਤੋਂ ਸਕਾਈ ਡਾਈਵ ਜੰਪ ਕੀਤਾ ਹੈ। ਬਹਾਦਰੀ ਅਤੇ ਵੱਡੇ ਦਿਲ ਨਾਲ ਐਨੀ ਉਚਾਈ ਤੋਂ ਹੈਲੀਕਾਪਟਰ ਰਾਹੀਂ ਇਹ ਛਾਲ ਮਾਰਨੀ ਪੈਂਦੀ ਹੈ। ਜੰਪ ਮਾਰਨ ਬਾਅਦ ਲਗਪਗ ਇਕ ਮਿੰਟ ਥੱਲੇ ਆਉਣ ਦੀ ਸਪੀਡ 200 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ ਅਤੇ ਫਿਰ ਤੁਹਾਡਾ ਇੰਸਟ੍ਰਕਟਰ ਪੈਰਾਸ਼ੂਟ ਖੋਲ੍ਹ ਦਿੰਦਾ ਹੈ ਤਾਂ ਕਿ ਤੁਸੀਂ ਹੇਠਾਂ ਦੇ ਕੁਦਰਤੀ ਨਜ਼ਾਰੇ ਹੌਲੀ-ਹੌਲੀ ਵੇਖਦੇ ਲੈਂਡ ਕਰੋ।

## ਭਾਰਤ ਦੇ ਵਿੱਤ ਮੰਤਰੀ ਵਲੋਂ ਸੂਬਿਆਂ ਦਾ ਖੇਤੀ ਕਰਜ਼ਾ ਮੁਆਫ਼ ਕਰਨ ਤੋਂ ਨਾਂਹ

**ਨਵੀਂ ਦਿੱਲੀ-** ਵਿਤ ਮੰਤਰੀ ਅਰੁਣ ਜੇਤਲੀ ਨੇ ਕੇਂਦਰ ਵਲੋਂ ਸੂਬਿਆਂ ਦਾ ਖੇਤੀ ਕਰਜ਼ਾ ਮੁਆਫ ਕਰਨ ਦੀ ਸੰਭਾਵਨਾ ਰੱਦ ਕਰ ਦਿੱਤੀ ਪਰ ਕਿਹਾ ਕਿ ਕਰਜ਼ੇ ਮੁਆਫ ਕਰਨ ਲਈ ਸੂਬੇ ਆਪਣੇ ਵਸੀਲਿਆਂ ਦੀ ਵਰਤੋਂ ਕਰ ਸਕਦੇ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਚੋਣਵੀਂ ਪਹੁੰਚ ਨਹੀਂ ਅਪਣਾਵੇਗਾ ਜਿਸ ਤਹਿਤ ਇਕ ਸੂਬੇ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਵੇ ਅਤੇ ਦੂਸਰੇ ਦੀ ਕੋਈ ਮਦਦ ਨਾ ਕੀਤੀ ਜਾਵੇ। ਕਰਜ਼ੇ ਮੁਆਫ ਕਰਨ ਦਾ ਮੁੱਦਾ ਕਈ ਸੂਬਿਆਂ ਨੇ ਉਠਾਇਆ ਹੈ । ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਖੇਤੀ ਖੇਤਰ ਲਈ ਆਪਣੀਆਂ ਨੀਤੀਆਂ ਹਨ ਜਿਨ੍ਹਾਂ ਤਹਿਤ ਇਹ ਕਰਜ਼ੇ 'ਤੇ ਵਿਆਜ ਮੁਆਫ ਕਰਦਾ ਹੈ ਅਤੇ ਹੋਰ ਸਹਾਇਤਾ ਕਰਦਾ ਹੈ । ਅਸੀਂ ਇਹ ਸਹਾਇਤਾ ਜਾਰੀ ਰੱਖਾਂਗੇ ।

ਜੇਤਲੀ ਨੇ ਰਾਜ ਸਭਾ ਵਿਚ ਦੱਸਿਆ ਕਿ ਜੇਕਰ ਕਿਸੇ ਸੂਬੇ ਕੋਲ ਆਪਣੇ ਵਸੀਲੇ ਹਨ ਅਤੇ ਉਹ ਕਰਜ਼ੇ ਮੁਆਫ ਕਰਨੇ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਵਸੀਲੇ ਵਰਤਣੇ ਪੈਣਗੇ । ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋਣ ਦਾ ਸਵਾਲ ਨਹੀਂ ਉਠਦਾ ਕਿ ਇਕ ਸੂਬੇ ਦੀ ਸਹਾਇਤਾ ਕਰ ਦਿੱਤੀ ਜਾਵੇ ਅਤੇ ਦੂਸਰਿਆਂ ਨੂੰ ਨਾਂਹ ਕਹਿ ਦਿੱਤੀ ਜਾਵੇ । ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਕਿਹਾ ਸੀ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਸਰਕਾਰ ਛੋਟੇ ਤੇ ਕਮਜ਼ੋਰ ਕਿਸਾਨਾਂ ਦੇ ਕਰਜ਼ੇ ਮੁਆਫ ਕਰੇਗੀ ਜਿਵੇਂ ਪਾਰਟੀ ਨੇ ਤਾਜ਼ਾ ਵਿਧਾਨ ਸਭਾ ਚੋਣਾਂ ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ । ਕਾਂਗਰਸ ਨੇ ਮੰਗ ਕੀਤੀ ਸੀ ਕਿ ਸਰਕਾਰ ਦੇਸ਼ ਭਰ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਐਲਾਨ ਕਰੇ ਜਿਵੇਂ 2016 ਵਿਚ ਕੌਮੀ ਜ਼ਮਹੂਰੀ ਗੱਠਜੋੜ ਸਰਕਾਰ ਨੇ ਕੀਤਾ ਸੀ ਨਾ ਕਿ ਇਕੱਲੇ ਉੱਤਰ ਪ੍ਰਦੇਸ਼ ਦੇ ਖੇਤੀ ਕਰਜ਼ੇ ਮੁਆਫ ਕਰੇ ਜਿਥੇ ਇਹ ਦੋ ਤਿਹਾਈ ਬਹੁਮਤ ਨਾਲ ਸੱਤਾ ਵਿਚ ਆਈ ਹੈ।



# ਬਾਲੀਵੁੱਡ ਦੇ ਫਲਾਪ ਰਹੇ ਸਟਾਰ ਬੱਚੇ



ਬਾਲੀਵੁੱਡ ਨੂੰ ਹੁਣ ਤੱਕ ਕਈ ਹਿੱਟ ਫਿਲਮਾਂ ਦੇਣ ਵਾਲੀ ਜੋੜੀ ਅਬਾਸ-ਮਸਤਾਨ ਦੀ ਹਾਲੀਆ ਰਿਲੀਜ਼ ਫਿਲਮ 'ਮਸ਼ੀਨ' ਬੁਰੀ ਤਰ੍ਹਾ ਫਲਾਪ ਹੋ ਗਈ। ਹਾਲ ਹੀ ਵਿਚ ਮੁੰ-ਬਈ ਦੇ ਜੁਹੂ ਇਲਾਕੇ ਵਿਚ ਸਥਿਤ ਪੀ. ਵੀ. ਆਰ. ਵਿਚ ਸਿਰਫ ਇਕ ਵਿਅਕਤੀ ਇਸ ਫਿਲਮ ਨੂੰ ਦੇਖਣ ਆਇਆ।

ਬਾਲੀਵੁੱਡ ਦੇ ਇਤਿਹਾਸ ਵਿਚ ਸ਼ਾਇਦ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ ਕਿਸੇ ਫਿਲਮ ਨੂੰ ਦੇਖਣ ਸਿਰਫ 1 ਆਦਮੀ ਪਹੁੰਚਿਆ ਹੋਵੇ। ਪੀ. ਵੀ. ਆਰ. ਵਿਚ ਕੰਮ ਕਰਨ ਵਾਲੇ ਇਕ ਕਰਮਚਾਰੀ ਨੇ ਦੱਸਿਆ ਕਿ 25 ਕਰੋੜ ਦੀ ਲਾਗਤ ਨਾਲ ਬਣੀ ਇਸ ਫਿਲਮ ਨੂੰ ਦੇਖਣ ਲਈ ਸਿਰਫ ਇਕ ਆਦਮੀ ਨੇ ਟਿਕਟ ਖਰੀਦੀ, ਇਸ ਕਰਕੇ ਉਸ ਦਿਨ ਦੇ ਸਾਰੇ ਸ਼ੋਅ ਕੈਂਸਲ ਕਰਨੇ ਪਏ।

ਇਸ ਫਿਲਮ ਵਿਚ ਅਬਾਸ ਦੇ ਮੁੰਡੇ ਮੁਸਤਫਾ ਬਰਮਾਵਾਲਾ ਨੇ ਕੰਮ ਕੀਤਾ ਹੈ। ਇਸ ਤੋਂ ਇਲਾਵਾ ਫਿਲਮ ਵਿਚ ਕਿਆਰਾ, ਅਡਵਾਨੀ, ਦਲੀਪ ਤਾਹਿਲ ਅਤੇ ਰੋਨਿਤ ਰਾਏ ਵੀ ਹਨ। ਥ੍ਰਿਲਰ ਡਰਾਮਾ ਮੂਵੀ ਦੇ ਲਈ ਪ੍ਰਸਿੱਧ ਅਬਾਸ-ਮਸਤਾਨ ਦੀ ਇਸ ਫਿਲਮ ਵਿਚ ਨਾ ਤਾਂ ਕਹਾਣੀ ਵਿਚ ਦਮ ਹੈ ਅਤੇ ਨਾ ਹੀ ਸਸਪੈਂਸ ਵਿਚ।

**ਅਬਾਸ-ਮਸਤਾਨ ਦੀ ਜੋੜੀ ਰਹੀ ਸੁਪਰ ਹਿੱਟ**

ਆਪਣੇ 27 ਸਾਲ ਦੇ ਫਿਲਮੀ ਕੈਰੀਅਰ ਵਿਚ 17 ਤੋਂ ਜ਼ਿਆਦਾ ਫਿਲਮਾਂ ਬਣਾਉਣ ਵਾਲੀ ਜੋੜੀ ਅਬਾਸ-ਮਸਤਾਨ ਨੇ ਸ਼ਾਹਰੁਖ ਦੇ ਨਾਲ 'ਬਾਜੀਗਰ' ਬਣਾਈ। ਸਹੀ ਮਾਅਨਿਆਂ ਵਿਚ ਇਸੇ ਫਿਲਮ ਤੋਂ ਬਾਅਦ ਸ਼ਾਹਰੁਖ ਦਾ ਕੈਰੀਅਰ ਤੇਜ਼ੀ ਨਾਲ ਅੱਗੇ ਵਧਿਆ। ਇਸ ਤੋਂ ਇਲਾਵਾ ਇਸ ਜੋੜੀ ਨੇ ਅਕਸ਼ੈ ਦੇ ਨਾਲ 'ਖਿਲਾੜੀ' ਵਰ-ਗੀਆਂ ਸੁਪਰਹਿੱਟ ਫਿਲਮਾਂ ਬਣਾਈਆਂ ਅਤੇ ਉਹਨਾਂ ਨੂੰ ਖਿਲਾੜੀ ਨਾਂ ਦਿੱਤਾ।

ਵੈਸੇ ਬਾਲੀਵੁੱਡ ਵਿਚ ਅਜਿਹੇ ਕਈ ਸਟਾਰ ਕਲਾਕਾਰ ਰਹੇ ਹਨ, ਜਿਹਨਾਂ ਨੇ ਆਪਣੇ ਦੌਰ ਵਿਚ ਫਿਲਮ ਇੰਡਸਟਰੀ ਵਿਚ ਕਾਫੀ ਨਾਂ ਕਮਾਇਆ। ਇਹਨਾਂ ਦੀ ਪ੍ਰਸਿੱਧੀ ਦਾ ਆਲਮ ਇਹ ਸੀ ਕਿ ਫਿਲਮਾਂ ਸਿਰਫ ਇਹਨਾਂ ਦੇ ਨਾਂ ਤੇ ਚਲਦੀਆਂ ਸਨ। ਇਹਨਾਂ ਵਿਚ ਹੇਮਾ ਮਾਲਿਨੀ, ਮਿਥੁਨ ਚੱਕਰਵਰਤੀ, ਫਿਰੋਜ ਖਾਨ, ਵਿਨੋਦ ਖੰਨਾਂ ਅਤੇ ਸ਼ਤਰੂਘਨ ਸਿਨਹਾ ਵਰਗੇ ਕਈ ਨਾਂ ਹਨ। ਹਾਲਾਂਕਿ ਜਿੰਨੀ ਕਾਮਯਾਬੀ ਇਹਨਾਂ ਨੂੰ ਮਿਲੀ, ਉਨੀ ਇਹਨਾਂ ਦੇ ਬੱਚਿਆਂ ਨੂੰ ਕਦੀ ਨਹੀਂ ਮਿਲੀ। ਫਿਰ ਚਾਹੇ ਫਿਰੋਜ਼ ਦਾ ਮੁੰਡਾ ਫਰਦੀਨ ਖਾਨ ਹੋਵੇ ਜਾਂ ਹੇਮਾ ਮਾਲਿਨੀ ਦੀ ਲੜਕੀ ਈਸ਼ਾ ਦਿਓਲ। ਬਾਲੀਵੁੱਡ ਵਿਚ ਅਜਿਹੇ ਕਈ ਕਲਾਕਾਰ ਹਨ, ਜੋ ਕਿਸੇ ਨਾ ਕਿਸੇ ਨਾਮੀ ਕਲਾਕਾਰ ਦੇ ਬੱਚੇ ਹਨ ਪਰ ਇੰਡਸਟਰੀ ਵਿਚ ਕੋਈ ਖਾਸ ਮੁਕਾਮ ਨਹੀਂ ਬਣਾ ਸਕੇ।

**ਅਭਿਨੇਤਰੀ- ਈਸ਼ਾ ਦਿਓਲ/**
**ਮਾਂ- ਹੇਮਾ ਮਾਲਿਨੀ**

ਹੇਮਾ ਮਾਲਿਨੀ ਬਾਲੀਵੁੱਡ ਦੀ ਕਾਮਯਾਬ ਅਭਿਨੇਤਰੀ ਰਹੀ ਹੈ। ਉਹਨਾਂ ਦੀ ਵੱਡੀ ਕੁੜੀ ਈਸ਼ਾ ਦਿਓਲ ਨੂੰ ਉਹਨਾਂ ਦੀ ਪਹਿਲੀ ਫਿਲਮ 'ਕੋਈ ਮੇਰੇ ਦਿਲ ਸੇ ਪੂਛੇ' ਦੇ ਲਈ ਫਿਲਮ ਫੇਅਰ ਬੈਸਟ ਐਵਾਰਡ ਦਿੱਤਾ ਗਿਆ ਸੀ। ਪਰ ਇਸ ਤੋਂ ਬਾਅਦ ਵੀ ਉਹਨਾਂ ਦਾ ਕੈਰੀਅਰ ਉਲਝਦਾ ਰਿਹਾ। ਹੇਮਾ ਜਿੱਥੇ ਅੱਜ ਵੀ ਆਪਣੀ ਐਕਟਿੰਗ ਕਾਰਨ ਦਰਸ਼ਕਾਂ ਨੂੰ ਲੁਭਾ ਰਹੀ ਹੈ, ਉਥੇ ਹੀ ਈਸ਼ਾ ਦਾ ਕੈਰੀਅਰ ਸਿਰਫ 25 ਫਿਲਮਾਂ ਦੇ ਆਸ-ਪਾਸ ਹੀ ਸਿਮਟ ਕੇ ਰਹਿ ਗਿਆ ਹੈ।



**ਫਰਦੀਨ ਖਾਨ**
**ਪਿਤਾ- ਫਿਰੋਜ ਖਾਨ**

ਸਾਲ 1998 ਵਿਚ ਫਿਲਮ 'ਪ੍ਰੇਮ ਅਗਨ' ਦੇ ਜ਼ਰੀਏ ਆਪਣਾ ਕੈਰੀਅਰ ਆਰੰਭ ਕਰਨ ਵਾਲੇ ਫਰਦੀਨ ਮਸ਼ਹੂਰ ਫਿਲਮ ਐਕਟਰ-ਡਾਇਰੈਕਟਰ ਫਿਰੋਜ਼ ਖਾਨ ਦਾ ਮੁੰਡਾ ਹੈ। ਆਪਣੇ 12 ਸਾਲ ਦੇ ਬਾਲੀਵੁੱਡ ਕੈਰੀਅਰ ਵਿਚ ਉਸਨੇ 'ਜੰਗਲ, ਪਿਆਰ ਤੂਨੇ ਕਿਆ ਕੀਆ, ਫਿਦਾ, ਦੇਵ ਅਤੇ ਆਲ ਦਾ ਬੈਸਟ' ਵਰਗੀਆਂ ਹਿੱਟ ਫਿਲਮਾਂ ਵਿਚ ਕੰਮ ਕੀਤਾ ਹੈ ਪਰ ਉਹਨਾਂ ਦਾ ਕੈਰੀਅਰ ਕੁਝ ਖਾਸ ਨਹੀਂ ਰਿਹਾ।



**ਮਿਮੋਹ ਚੱਕਰਵਰਤੀ**
**ਪਿਤਾ- ਮਿਥੁਨ ਚੱਕਰਵਰਤੀ**

ਬਾਲੀਵੁੱਡ ਵਿਚ 'ਡਿਸਕੋ ਡਾਂਸਰ' ਵਜੋਂ ਪਛਾਣ ਬਣਾਉਣ ਵਾਲੇ ਮਿਥੁਨ ਚੱਕਰਵਰਤੀ ਦੀ ਗਿਣਤੀ ਸਫਲ ਕਲਾਕਾਰਾਂ ਵਿਚ ਹੁੰਦੀ ਹੈ। ਉਹਨਾਂ ਦਾ ਨਾਂ ਡਾਂਸ ਦੇ ਮਾਮਲੇ ਵਿਚ ਮਾਈਕਲ ਜੈਕਸਨ, ਮੁਹੰਮਦ ਅਲੀ ਤੋਂ ਬਾਅਦ ਤੀਜੇ ਨੰਬਰ ਤੇ ਆਉਂਦਾ ਸੀ। ਦੂਜੇ ਪਾਸੇ ਉਸਦਾ ਮੁੰਡਾ ਮਿਮੋਹ ਸਫਲਤਾ ਤੋਂ ਕੋਹਾਂ ਦੂਰ ਹੈ। ਉਹਨਾਂ ਨੇ ਬਾਲੀਵੁੱਡ ਵਿਚ 'ਜਿੰਮੀ' ਫਿਲਮ ਤੋਂ ਸ਼ੁਰੂਆਤ ਕੀਤੀ ਪਰ ਅਸਫਲ ਰਿਹਾ। ਮਿਮੋਹ ਨੇ ਇਸ ਤੋਂ ਬਾਅਦ ਕਈ ਫਿਲਮਾਂ ਵਿਚ ਕੰਮ ਕੀਤਾ, ਜਿਹਨਾਂ ਵਿਚ 'ਦਾ ਮਰਡਰਰ, ਹਾਂਟਡ 3ਡੀ, ਲੂਟ, ਐਨਮੀ' ਵਰਗੀਆਂ ਫਿਲਮਾਂ ਸ਼ਾਮਲ ਹਨ ਪਰ ਇਹ ਸਾਰੀਆਂ ਫਿਲਮਾਂ ਫਲਾਪ ਰਹੀਆਂ।



**ਸ਼ਦਾਬ ਖਾਨ**
**ਪਿਤਾ- ਅਮਜਦ ਖਾਨ**

ਬਾਲੀਵੁੱਡ ਦੇ ਗੱਬਰ ਯਾਨਿ ਅਮਜਦ ਖਾਨ ਦੇ ਮੁੰਡੇ ਸ਼ਾਦਾਬ ਖਾਨ ਨੇ ਫਿਲਮ ਇੰਡਸਟਰੀ ਵਿਚ 'ਰਾਜਾ ਕੀ ਆਏਗੀ ਬਰਾਤ' ਤੋਂ ਸ਼ੁਰੂਆਤ ਕੀਤੀ ਸੀ। ਉਹਨਾਂ ਦੇ ਉਲਟ ਇਸ ਫਿਲਮ ਵਿਚ ਰਾਣੀ ਮੁਖਰਜੀ ਸੀ ਪਰ ਇਸ ਫਿਲਮ ਵਿਚ ਰਾਣੀ ਦਾ ਕਿਰਦਾਰ ਉਹਨਾਂ ਦੀ ਐਕਟਿੰਗ ਅਤੇ ਕੈਰੀਅਰ ਦੋਵਾਂ ਤੇ ਭਾਰੀ ਪੈ ਗਿਆ। ਸ਼ਾਦਾਬ ਦਾ ਜਾਦੂ ਜਦੋਂ ਫਿਲਮਾਂ ਵਿਚ ਨਹੀਂ ਚੱਲਿਆ ਤਾਂ ਉਹਨਾਂ ਦਾ ਕੈਰੀਅਰ ਵੀ ਖਤਮ ਹੋ ਗਿਆ। ਦੂਜੇ ਪਾਸੇ ਉਸਦੇ ਪਿਤਾ ਨੇ ਬਾਲੀਵੁੱਡ ਵਿਚ ਇਕ ਸਫਲ ਪਛਾਣ ਬਣਾਈ ਸੀ।



**ਰਾਹੁਲ ਖੰਨਾ**
**ਪਿਤਾ- ਵਿਨੋਦ ਖੰਨਾ**

ਵਿਨੋਦ ਖੰਨਾ ਦੇ ਮੁੰਡੇ ਰਾਹੁਲ ਖੰਨਾ ਵੀ ਸਫਲ ਸ਼ੁ-ਰੂਆਤ ਦੇ ਬਾਵਜੂਦ ਕਿਤੇ ਗੁੰਮ ਹੋ ਗਏ। ਫਿਲਮ 'ਅਰਥ' ਤੋਂ ਉਹਨਾਂ ਨੇ ਸਫਲ ਸ਼ੁਰੂਆਤ ਕੀਤੀ ਸੀ। ਇਸ ਫਿਲਮ ਦੇ ਲਈ ਉਹਨਾਂ ਨੂੰ ਫਿਲਮ ਫੇਅਰ ਬੈਸਟ ਮੇਲ ਡੈਬਯੂ ਐਵਾਰਵ ਵੀ ਮਿਲਿਆ ਸੀ, ਇਸ ਤੋਂ ਬਾਅਦ ਵੀ ਉਹ ਇੰਡਸਟਰੀ ਵਿਚ ਪਛਾਣ ਨਹੀਂ ਬਣਾ ਸਕਿਆ। ਦੂਜੇ ਪਾਸੇ ਵਿਨੋਦ ਖੰਨਾ ਅੱਜ ਵੀ ਫਿਲਮਾਂ ਵਿਚ ਆਪਣੀ ਐਕਟਿੰਗ ਨਾਲ ਦਰਸ਼ਕਾਂ ਦੀਆਂ ਤਾੜੀਆਂ ਬਟੋਰ ਰਹੇ ਹਨ।



**ਰਣਧੀਰ ਕਪੂਰ ਅਤੇ ਰਾਜੀਵ ਕਪੂਰ**
**ਪਿਤਾ- ਰਾਜ ਕਪੂਰ**

ਰਣਧੀਰ ਕਪੂਰ ਅਤੇ ਰਾਜੀਵ ਕਪੂਰ ਨੇ ਕਈ ਫਿਲਮਾਂ ਵਿਚ ਕੰਮ ਕੀਤਾ ਪਰ ਇਹ ਦੋਵੇਂ ਸਟਾਰ ਆਪਣੇ ਪਿਤਾ ਰਾਜ ਕਪੂਰ ਦੀ ਤੁਲਨਾ ਵਿਚ ਕਾਫੀ ਪਿੱਛੇ ਰਹੇ। ਰਾਜ ਕਪੂਰ ਨੂੰ ਉਹਨਾਂ ਦੀ ਐਕਟਿੰਗ ਲਈ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਸੀ, ਪਰ ਇਹ ਦੋਵੇਂ ਸਟਾਰ ਦਰਸ਼ਕਾਂ ਨੂੰ ਖਿੱਚਣ ਵਿਚ ਨਾਕਾਮ ਰਹੇ।

ਰਾਜ ਕਪੂਰ ਨੇ ਨਾ ਸਿਰਫ ਕਈ ਸੁਪਰਹਿੱਟ ਫਿਲਮਾਂ ਬਣਾਇਆਂ ਬਲਕਿ ਉਹਨਾਂ ਨੇ ਕਈ ਬਲਾਕਬਸਟਰ ਦਾ ਡਾਇਰੈਕਸ਼ਨ ਵੀ ਕੀਤਾ। ਰਾਜੀਵ ਕਪੂਰ ਨੂੰ ਉਹਨਾਂ ਦੀ ਪਹਿਲੀ ਫਿਲਮ 'ਰਾਮ ਤੇਰੀ ਗੰਗਾ ਮੈਲੀ' ਤੋਂ ਜ਼ਬਰਦਸਤ ਸ਼ੁਰੂਆਤ ਮਿਲੀ ਸੀ ਪਰ ਕੋਈ ਫਾਇਦਾ ਨਾ ਹੋਇਆ। ਦੂਜੇ ਪਾਸੇ ਰਣਧੀਰ ਕਪੂਰ ਨੇ ਬਤੌਰ ਹੀਰੋ 1971 ਵਿਚ 'ਕਲ ਆਜ ਔਰ ਕਲ' ਤੋਂ ਸ਼ੁਰੂਆਤ ਕੀਤੀ ਸੀ।



**ਆਰੀਆ ਅਤੇ ਜੂਹੀ ਬੱਬਰ**
**ਪਿਤਾ- ਰਾਜ ਬੱਬਰ**

ਰਾਜ ਬੱਬਰ ਨੇ ਬਤੌਰ ਐਕਟਰ ਅਤੇ ਲੀਡਰ ਆਪਣੀ ਪਛਾਣ ਬਣਾਈ। ਫਿਲਮਾਂ ਵਿਚ ਉਹਨਾਂ ਨੇ ਨੈਗੇ-ਟਿਵ ਰੋਲ ਕਰਕੇ ਵੀ ਅਲੱਗ ਪਛਾਣ ਬਣਾਈ। ਦੂਜੇ ਪਾਸੇ ਉਹਨਾਂ ਕੀ ਲੜਕੀ ਜੂਹੀ ਅਤੇ ਲੜਕਾ ਆਰੀਆ ਬੱਬਰ ਬਾਲੀਵੁੱਡ ਵਿਚ ਫੇਲ੍ਹ ਰਹੇ। ਆਰੀਆ ਨੇ 'ਗੁਰੂ, ਤੀਸ ਮਾਰ ਖਾਨ, ਰੈਡੀ' ਵਰਗੀਆਂ ਕਈ ਫਿਲਮਾਂ ਵਿਚ ਕੰਮ ਕੀਤਾ ਹੈ। ਜੂਹੀ ਨੇ ਸੋਨੂ ਨਿਗਮ ਦੇ ਨਾਲ 'ਕਾਸ਼ ਆਪ ਹਮਾਰੇ ਹੋਤੇ' ਤੋਂ ਕੈਰੀਅਰ ਦੀ ਸ਼ੁਰੂਆਤ ਕੀਤੀ ਪਰ ਦੋਵੇਂ ਹੀ ਬਾਲੀਵੁੱਡ ਵਿਚ ਅਸਫਲ ਰਹੇ।



**ਸੁਨੀਲ ਆਨੰਦ**
**ਪਿਤਾ- ਦੇਵ ਆਨੰਦ**

ਦੇਵ ਆਨੰਦ ਨੂੰ ਭਾਰਤੀ ਸਿਨੇਮਾ ਦਾ ਲੀਜੈਂਡ ਕਿਹਾ ਜਾਂਦਾ ਹੈ। ਉਹਨਾਂ ਨੇ 65 ਸਾਲ ਤੱਕ 114 ਫਿਲਮਾਂ ਵਿਚ ਕੰਮ ਕੀਤਾ। ਫਿਲਮਾਂ ਵਿਚ ਐਕਟਿੰਗ ਦੇ ਨਾਲ ਉਹਨਾਂ ਨੇ ਬਤੌਰ ਡਾਇਰੈਕਟਰ ਅਤੇ ਪ੍ਰੋਡਿਊਸਰ ਪਛਾਣ ਬਣਾਈ। ਦੇਵ ਸਾਹਿਬ ਦੇ ਬੇਟੇ ਸੁਨੀਲ ਆਨੰਦ ਪਿਤਾ ਵਾਂਗ ਬਾਲੀਵੁੱਡ ਵਿਚ ਕਿਸਮਤ ਅਜ਼ਮਾਉਣ ਉਤਰਿਆ ਪਰ ਉਹ ਪਛਾਣ ਬਣਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਹੋ ਗਿਆ। ਦੇਵ ਨੇ ਸੁਨੀਲ ਨੂੰ 1984 ਵਿਚ 'ਆਨੰਦ ਔਰ ਆਨੰਦ' ਤੋਂ ਲਾਂਚ ਕੀਤਾ ਸੀ। ਇਹ ਫਿਲਮ ਪਿਤਾ-ਪੁੱਤਰ ਦੇ ਸਬੰਧ 'ਤੇ ਆਧਾਰਿਤ ਸੀ ਪਰ ਬਾਕਸ ਆਫਿਸ ਤੇ ਫੇਲ੍ਹ ਰਹੀ। ਇਸ ਤੋਂ ਬਾਅਦ ਸੁਨੀਲ ਨੇ ਕਈ ਫਿਲਮਾਂ ਕੀਤੀਆਂ ਪਰ ਨਤੀਜਾ ਫਲਾਪ ਰਿਹਾ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਔਰੰਗਜ਼ੇਬੀ ਸੋਚ ਦੀ ਗੱਲ

ਤਰਲੋਚਨ ਸਿੰਘ
'ਦੁਪਾਲਪੁਰ'
001-408-915-1268



ਫਿਰਕੇਦਾਰੀ ਦਾ ਚੜ੍ਹੇ ਜਨੂੰਨ ਜਿਸਨੂੰ
ਉਸਦੀ ਨਜ਼ਰ ਵਿਚ ਪੈਂਦਾ ਏ ਟੀਰ ਯਾਰੋ।

ਥਾਂ ਇਕ ਦੀ 'ਦੋ-ਦੋ' ਹੀ ਦੇਖਦਾ ਏ
ਅਮਨ ਦੇਖ ਕੇ ਖੋ ਦੇਵੇ ਧੀਰ ਯਾਰੋ।

ਬੋਲੀ ਬੋਲਦਾ ਨੂੰਹੇਂ ਦੇ ਡੰਗ ਵਰਗੀ
ਸੁਣਕੇ ਵੱਜਦੇ ਕਾਲਜੇ ਤੀਰ ਯਾਰੋ।

ਮਾੜੀ ਕਿਸਮਤ ਨੂੰ ਸਾਂਭੇ ਜੇ ਰਾਜ ਗੱਦੀ
ਭਾਈਚਾਰੇ ਨੂੰ ਦੇਵੇਗਾ ਚੀਰ ਯਾਰੋ।

ਹਰ ਹਾਕਮ ਨੂੰ ਤਖਤ ਦਾ 'ਨਸ਼ਾ' ਕਹਿੰਦੇ
'ਔਰੰਗਜ਼ੇਬ' ਬਣਾ ਦੇਵੇ ਹੌਲੀ-ਹੌਲੀ।

ਔਰੰਗਜ਼ੇਬ ਹੀ ਤਖਤ ਜੇ ਆਣ ਮੱਲੇ
ਜ਼ੁਲਮੋ-ਸਿਤਮ ਕਿਉਂ ਕਰੇਗਾ ਹੌਲੀ-ਹੌਲੀ?

## ਦੋਹੀ ਕਾਫੀ?

ਨਦੀ ਚੋਣਾਂ ਦੀ ਸੱਚ ਨੂੰ ਡੋਬ ਦੇਵੇ
'ਜੁਮਲੇ' ਝੂਠ ਦੇ ਆਸਰੇ ਪਾਰ ਜਾਂਦੇ।

ਹੌਕੇ ਲੈਂਦੀ ਰਹਿ ਜਾਏ ਈਮਾਨਦਾਰੀ
ਬੇਈਮਾਨੀ ਦੇ ਤੀਰ ਹੀ ਮਾਰ ਜਾਂਦੇ।

ਪਾਪੀ ਰਹਿਣ 'ਪੁਰਾਣੇ' ਹੀ ਖੇਡਦੇ ਜੋ
ਦੋਵੇਂ ਰਲ-ਮਿਲ ਕੇ 'ਤੀਜੇ' ਨੂੰ 'ਚਾਰ' ਜਾਂਦੇ।

ਸਾਰੇ ਫਲਸਫੇ ਲਾ ਲਾ ਕੇ ਜੋਰ ਹੰਭੇ
ਨੇੜੇ ਜਿੱਤ ਦੇ ਪਹੁੰਚ ਕੇ ਹਾਰ ਜਾਂਦੇ।

ਕਿੱਥੋਂ ਚਮਕਣੀ ਕਿਰਨ ਦੀ ਆਸ ਦੱਸੋ
ਚਾਰੋਂ ਤਰਫ਼ ਹੀ ਘੁੱਪ ਹਨ੍ਹੇਰ ਵਿਚੋਂ।

'ਲਾਲ' ਸੂਹੇ ਅੰਗਿਆਰ ਨਾ ਸੁਲਗਣੇ ਜੀ
ਫੂਕਾਂ ਮਾਰਿਆਂ ਸੁਆਹ ਦੇ ਢੇਰ ਵਿਚੋਂ!

## ਸਾਡੇ ਘਰ ਵਿੱਚ / ਗ਼ਜ਼ਲ

ਮਹਿੰਦਰ ਮਾਨ 91-99158-03554



ਸਾਡੇ ਘਰ ਵਿੱਚ ਜਾਣੇ ਨਾ ਕੋਈ ਨਾਮ ਸ਼ਰਾਬਾਂ ਦੇ,
ਤਾਂ ਹੀ ਸਾਡੇ ਚਿਹਰੇ ਰਹਿਣ ਖਿੜੇ ਵਾਂਗ ਗੁਲਾਬਾਂ ਦੇ।
ਅੱਜ ਕਲ੍ਹ ਲੋਕ ਇਨ੍ਹਾਂ ਨੂੰ ਪੜ੍ਹਨੇ ਦੀ ਹਿੰਮਤ ਨ੍ਹੀ ਕਰਦੇ,
ਕਿੰਨਾ ਕੁਝ ਲਿਖਿਆ ਹੈ ਕਵੀਆਂ ਨੇ ਵਿੱਚ ਕਿਤਾਬਾਂ ਦੇ।
ਹੁਣ ਆਪਣੇ ਸੋਹਣੇ ਮੁੱਖ ਬਚਾਣੇ ਆ ਗਏ ਨੇ ਸਾਨੂੰ,
ਜਿੰਨੇ ਮਰਜ਼ੀ ਵਾਰ ਇਨ੍ਹਾਂ ਤੇ ਕਰ ਲਉ ਤੇਜ਼ਾਬਾਂ ਦੇ।
ਇਕ ਦੂਜੇ ਦੇ ਗਲ ਲੱਗ ਕੇ ਬੜੀਆਂ ਰੋਈਆਂ ਪੰਖੜੀਆਂ,
ਜਦ ਗੱਪੀ ਨੇਤਾ ਤੇ ਸੁੱਟੇ ਗਏ ਫੁੱਲ ਗੁਲਾਬਾਂ ਦੇ।
ਪਾਣੀ ਦੀ ਇਕ ਬੂੰਦ ਇਨ੍ਹਾਂ ਵਿੱਚ ਦਿਸੇ ਨਾ ਉਹਨਾਂ ਨੂੰ,
ਕੀ ਕਰਨ ਪਰਿੰਦੇ ਬਹਿ ਕੇ ਲਾਗੇ ਖੁਸ਼ਕ ਤਲਾਬਾਂ ਦੇ।
ਸਾਡੇ ਬੇਚੈਨ ਦਿਲਾਂ ਨੂੰ ਤਾਂ ਹੀ ਸ਼ਾਂਤੀ ਮਿਲਣੀ ਹੈ,
ਜਦ ਜੇਲ੍ਹਾਂ ਵਿੱਚ ਸੁੱਟੇ ਗਏ ਕਾਤਲ ਸਾਡੇ ਖ਼ਾਬਾਂ ਦੇ।
ਦੋ ਵੇਲੇ ਦੀ ਰੋਟੀ ਸਾਨੂੰ ਮਿਲਦੀ ਮਿਹਨਤ ਕਰਕੇ,
ਸਾਡੇ ਉੱਤੇ ਚੱਲ ਨਹੀਂ ਸਕਦੇ ਜ਼ੋਰ ਨਵਾਬਾਂ ਦੇ।

## ਸ਼ਹੀਦ ਭਗਤ ਸਿੰਘ ਵਲੋਂ ਮਾਤਾ ਨੂੰ ਬੇਨਤੀ



ਨਾ ਸੁੱਖਾਂ ਸੁੱਖ ਮਾਏ, ਅਸੀਂ ਤਾਂ ਹੱਸਕੇ ਮੌਤ ਵਿਆਹੁਣੀ।
ਸਾਡੀ ਮੌਤ ਹੀ ਮੰਜ਼ਲ ਹੈ, ਜ਼ਿੰਦਗੀ ਹੁਣ ਤਾਂ ਬਸ ਪ੍ਰਾਹੁਣੀ।

ਮੈਨੂੰ ਹੱਸ ਕੇ ਤੋਰੀਂ ਮਾਂ, ਤੇਰੀ ਕੁੱਖ ਨੂੰ ਦਾਗ ਨਾ ਲਾਵਾਂ।
ਤੇਰੀ ਗੁੜ੍ਹਤੀ 'ਚੋਂ ਮਿਲਿਆ, ਦੇਸ਼-ਭਗਤੀ ਦਾ ਸਿਰਨਾਵਾਂ।
ਮੇਰਾ ਖ਼ੂਨ ਹੈ ਖੌਲ ਰਿਹਾ, ਮਾਂ ਤੇਰੇ ਨਾਂ ਨੂੰ ਲਾਜ ਨਾ ਮੈਂ ਲਾਉਣੀ,
ਸਾਡੀ ਮੌਤ ਹੀ ਮੰਜ਼ਲ ਹੈ...........

ਮਾਂ ਕਿਵੇਂ ਭੁਲਾਵਾਂ ਮੈਂ, 'ਜੱਲ੍ਹਿਆਂ ਵਾਲੇ ਬਾਗ' ਦੀਆਂ ਘੜੀਆਂ।
ਘਰ ਸੈਂਕੜੇ ਉਜੜ ਗਏ, ਗੋਲੀਆਂ ਨਿਹੱਥਿਆਂ ਤੇ ਜਦੋਂ ਵਰ੍ਹੀਆਂ।
ਲੈ-ਲਾਂ ਬਦਲਾ 'ਡਾਇਰ' ਦਾ ਮੈ, ਅੰਮੜੀਏ ਚੈਨ ਮੈਨੂੰ ਤਦ ਆਉਣੀ,
ਸਾਡੀ ਮੌਤ ਹੀ ਮੰਜ਼ਲ ਹੈ...........

ਮੈਨੂੰ ਲਗਨ ਸੀ ਬਚਪਨ ਤੋਂ, ਕਿਵੇਂ ਹੈ ਦੇਸ਼ ਅਜ਼ਾਦ ਕਰਾਉਣਾ।
ਅਸੀਂ ਖਾ ਲਈ ਸੌਂਹ ਅੰਮੀਏ, ਦੇਸ਼ 'ਚੋਂ ਗੋਰਿਆਂ ਤਾਈਂ ਭਜਾਉਣਾ।
ਜਿਉਣਾ ਅਣਖ ਨਾਲ ਹੈ ਮਾਂ, ਵੈਰੀ ਨੂੰ ਉਸ ਦੀ ਸਜਾ ਚਿਖਾਉਣੀ,
ਸਾਡੀ ਮੌਤ ਹੀ ਮੰਜ਼ਲ ਹੈ,........

ਮਾਣ 'ਮਹਿਕ' ਨੂੰ ਤੇਰੇ ਤੇ ਅੰਮੜੀਏ ਦੇ ਤੂੰ ਮੈਨੂੰ ਦੁਆਵਾਂ।
ਤੇਰੀ ਕੁੱਖੋਂ ਜਨਮ ਲਵਾਂ, ਜਦੋਂ ਮੈਂ ਦੁਨੀਆਂ ਤੇ ਮੁੜ ਆਵਾਂ।
ਬਦਲਾ ਲੈਣਾ ਵੈਰੀ ਦਾ, ਮੈ ਮਾਂਏ ਗੁੱਡੀ ਉਹਦੀ ਘੁਮਾਉਣੀ,
ਸਾਡੀ ਮੌਤ ਹੀ ਮੰਜ਼ਲ ਹੈ, ਜ਼ਿੰਦਗੀ ਹੁਣ ਤਾਂ ਬਸ ਪ੍ਰਾਹੁਣੀ।

**- ਕੁਲਵਿੰਦਰ ਕੌਰ ਮਹਿਕ, (ਮੁਹਾਲੀ)**

## ਅੰਬੇਦਕਰ ਦਿਵਸ

ਇੱਥੇ ਕਾਨੂੰਨ ਦੇ ਨਾਮ ਤੇ ਵੱਡਾ ਛੋਟੇ ਨੂੰ ਦਬਕਾਂਦਾ ਹੈ ।
ਫਿਰ ਵੀ ਉਹ ਮੁਸਕਾ ਕੇ ਗਣਤੰਤਰ ਦਿਵਸ ਮਨਾਂਦਾ ਹੈ ।।

ਵੱਡਾ ਮਛ ਹੇਕੜੀ ਨਾਲ ਛੋਟੀ ਮੱਛੀ ਖਾਂਦਾ ਹੈ,
ਭੁੱਖਾ ਰਹਿੰਦਾ ਭੁੱਖਾ ਹੀ, ਰੱਜਿਆ ਰੱਜੀ ਜਾਂਦਾ ਹੈ ।

ਕਦ ਸੰਵਿਧਾਨ ਦੀ ਹੋਵੇਗੀ ਪਾਲਣਾ ਜੋ ਲਿਖ ਗਿਆ ਬਾਬਾ,
ਇਹੀ ਸੋਚਕੇ ਮਾੜਾ ਬੰਦਾ, ਦੁੱਖ ਵਿੱਚ ਵੀ ਮੁਸਕਾਂਦਾ ਹੈ ।

ਦਿਲ ਤਾਂ ਨਹੀਂ ਮਨਦਾ ਕਿ ਚੰਗਾ ਕਦੇ ਹੋਵੇਗਾ ਉਸਦਾ,
ਫਿਰ ਵੀ ਪਰ ਆਸਾਂ ਦੇ ਬੂਟੇ ਨਿੱਤ ਨਵੇਂ ਲਗਾਂਦਾ ਹੈ ।

ਗਲ ਚੋਂ ਭੁੱਖ ਦੇ ਮਾਰੇ ਜੋ ਅਵਾਜ ਨਾ ਨਿਕਲੇ ਕਦੇ,
ਉਥੋਂ ਹੀ 26 ਜਨਵਰੀ ਨੂੰ ਜੈ ਹਿੰਦ ਦੇ ਨਾਅਰੇ ਲਗਾਂਦਾ ਹੈ ।



**- ਹਰਦੀਪ ਬਿਰਦੀ**
9041600900

## ਮੰਚ ਸੰਚਾਲਕ ਵਜੋਂ ਆਪਣਾ ਨਾਮ ਚਮਕਾਉਣ ਵਾਲਾ: ਮੁਹੰਮਦ ਗੌਰੀ

ਜੈਤੋ ਇਲਾਕੇ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਦੇ ਮਾਲਕ ਨੌਜਵਾਨ ਮੁਹੰਮਦ ਗੌਰੀ ਥੋੜੇ ਸਮੇਂ ਵਿੱਚ ਹੀ ਲੋਕਾਂ ਦੇ ਦਿਲਾਂ ਵਿੱਚ ਆਪਣੀ ਥਾਂ ਬਣਾ ਚੁੱਕਾ ਹੈ। ਕੋਈ ਵੀ ਸਟੇਜ ਸਕੱਤਰ ਦੇ ਰੂਪ ਵਿੱਚ ਸੇਵਾ ਹੋਵੇ ਉਸ ਨੂੰ ਬੜੇ ਸੁਲਝੇ ਅਤੇ ਸੁੰਦਰ ਢੰਗ ਨਾਲ ਪੇਸ਼ ਕਰਦਾ ਹੈ ਕਿ ਸੁਣਨ ਵਾਲੇ ਸ਼ਾਂਤ ਹੋ ਕੇ ਬੜੇ ਧਿਆਨ ਨਾਲ ਸੁਣਦੇ ਹਨ ਅਤੇ ਵਾਹ ਵਾਹ ਕਹਿੰਦੇ ਥਕਦੇ ਨਹੀਂ। ਬਚਪਨ ਤੋਂ ਹੀ ਇਸ ਨੌਜਵਾਨ ਨੂੰ ਖੇਡ ਮੇਲੇ, ਸਭਿਆਚਾਰਕ ਪ੍ਰੋਗਰਾਮ, ਕਲੱਬਾਂ ਦੇ ਪ੍ਰੋਗਰਾਮਾਂ ਅਤੇ ਹੋਰ ਪਿੰਡ ਪੱਧਰ ਦੇ ਸਾਂਝੇ ਕੰਮਾਂ ਵਿੱਚ ਜਾਣ ਦਾ ਮੌਕਾ ਮਿਲਦਾ ਤਾਂ ਸਟੇਜ ਸਕੱਤਰ ਦੀ ਭੂਮਿਕਾ ਦੇਖ ਕੇ,ਸੁਣਕੇ ਇਸ ਨੌਜਵਾਨ ਗੌਰੀ ਨੇ ਵੀ ਮਨ ਵਿੱਚ ਠਾਣ ਲਈ ਕਿ ਮੈਂ ਵੀ ਇਹ ਕੰਮ ਭਾਵ ਸਟੇਜ ਸਕੱਤਰ ਦੀ ਭੂਮਿਕਾ ਕਰਾਂ। ਫਿਰ ਸਮ੍ਹਾਂ ਆਇਆ ਜਲਦੀ ਹੀ ਇਹ ਦੌਰ ਸ਼ੁਰੂ ਹੋ ਗਿਆ ਹੌਲੀ ਹੌਲੀ ਇਸ ਨੌਜਵਾਨ ਨੇ ਛੋਟੇ ਛੋਟੇ ਫੰਕਸ਼ਨਾਂ, ਪ੍ਰੋਗਰਾਮਾਂ ਵਿੱਚ ਆਪਣੀ ਹਾਜ਼ਰੀ ਲਵਾਉਣੀ ਸ਼ੁਰੂ ਕੀਤੀ ਤਾਂ ਜਲਦੀ ਹੀ ਇਸ ਕੰਮ ਵਿੱਚ ਮੁਹਾਰਤ ਹਾਸ਼ਲ ਕਰਕੇ ਇੱਕ ਚੋਟੀ ਦਾ ਸਟੇਜ ਸੰਚਾਲਕ ਬਣ ਕੇ ਉੱਭਰ ਰਿਹਾ ਹੈ। ਪੰਜਾਬ ਦੇ ਚੋਟੀ ਦੇ ਮਸ਼ਹੂਰ ਪੰਜਾਬੀ ਕਲਾਕਾਰਾਂ ਨਾਲ ਆਪਣੀ ਹਾਜ਼ਰੀ ਲਵਾ ਚੁੱਕਾ ਹੈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਬਲਕਾਰ ਅਣਖੀਲਾ, ਜਸਵੰਤ ਸੰਦੀਲਾ, ਕਰਤਾਰ ਰਮਲਾ, ਹਰਚੰਦ ਕੰਦੀ, ਹਰਿੰਦਰ ਸੰਧੂ, ਬਲਵੀਰ ਚੋਟੀਆਂ, ਛਿੰਦਾ ਸ਼ੌਕੀ ਅਤੇ ਮੈਡਮ ਰਿਮਜ ਕੌਰ ਦੇ ਨਾਂ ਵਰਣਨਯੋਗ ਹਨ। ਅੱਜ ਕੱਲ੍ਹ ਪੰਜਾਬੀ ਲੋਕ ਗਾਇਕ ਪੰਮਾ ਸ਼ਾਇਰ ਦੇ ਨਾਲ ਪੱਕੇ ਤੌਰ ਤੇ ਸਟੇਜ ਸੈਕਟਰੀ ਦੀਆਂ ਸੇਵਾਵਾਂ ਬਾਖੂਬੀ ਨਿਭਾ ਰਿਹਾ ਹੈ। ਮੁਹੰਮਦ ਗੌਰੀ ਦਾ ਨਾਮ ਪੰਜਾਬ ਦੇ ਸਭਿਆਚਾਰਕ ਮੇਲਿਆਂ ਦੇ ਨਾਲ ਨਾਲ ਵਿਸ਼ੇਸ਼ ਤੌਰ ਤੇ ਮਾਲਵੇ ਵਿੱਚ ਇੱਕ ਖਾਸ ਮੁਕਾਮ ਦੇ ਪਹੁੰਚ ਚੁੱਕਾ ਹੈ।





**ਪ੍ਰਮੋਦ ਧੀਰ**
**91-98550-31081**

ਇਸ ਨੌਜਵਾਨ ਦਾ ਸਬੰਧ ਮਾਲਵੇ ਦੇ ਮਸ਼ਹੂਰ ਪਿੰਡ ਗੋਬਿੰਦਗੜ੍ਹ (ਦਬੜ੍ਹੀਖਾਨਾ) ਨਾਲ ਹੈ। ਪਿਤਾ ਬੂਟਾ ਖਾਨ ਅਤੇ ਮਾਤਾ ਸੁਖਦੇਵ ਅਖਤਰ ਦੇ ਘਰ 3 ਦਸੰਬਰ,1982 ਨੂੰ ਜਨਮ ਲੈ ਕੇ, ਪਿੰਡ ਤੋਂ ਹੀ ਪੜ੍ਹਾਈ ਕਰਕੇ ਇਸ ਨੌਜਵਾਨ ਨੇ ਸਟੇਜ ਸੈਕਟਰੀ ਵੱਲ ਆਪਣਾ ਮੁੱਖ ਮੋੜ ਕੇ ਸਟੇਜ ਦੀ ਸੇਵਾ ਕਰਨ ਵਿੱਚ ਲਾ ਲਿਆ। ਕਾਸ਼! ਇਸ ਤੋਂ ਵੱਧ ਕੇ ਇਹ ਨੌਜਵਾਨ ਹੋਰ ਵੀ ਬੁਲੰਦੀਆਂ ਨੂੰ ਛੂੰਹਦਾ ਹੋਇਆ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।



## ਕਿਸਾਨ ਵੀਰਾਂ ਲਈ ਜ਼ਰੂਰੀ ਅਰਜ਼

ਅੱਜਕਲ੍ਹ ਕਿਸਾਨਾਂ ਬਾਰੇ ਜਾਣ ਕੇ ਬਹੁਤ ਦੁੱਖ ਹੁੰਦਾ ਹੈ, ਹਰ ਰੋਜ਼ ਕਿਤੇ ਨਾ ਕਿਤੇ ਕਿਸਾਨ ਕਰਜੇ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ। ਆਤਮ ਹੱਤਿਆ ਕਰਨਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ ਸਗੋਂ ਉਸਦਾ ਸਾਹਮਣਾ ਕਰਨਾ ਚਾਹੀਦਾ ਹੈ। ਆਤਮ ਹੱਤਿਆ ਕਰਕੇ ਕਿਸਾਨ ਖੁਦ ਤਾਂ ਆਪਣੀਆਂ ਸਮੱਸਿਆਵਾਂ ਤੋਂ ਨਿਜਾਤ ਪਾ ਲੈਂਦਾ ਹੈ, ਪਰ ਉਹ ਆਪਣੇ ਪਰਿਵਾਰ ਨੂੰ ਹੋਰ ਮੁਸ਼ਕਿਲਾਂ ਵਿਚ ਪਾ ਕੇ ਚਲਾ ਜਾਂਦਾ ਹੈ। ਇਸ ਨਾਲ ਉਸ ਦੇ ਬੱਚਿਆਂ ਦੇ ਭਵਿੱਖ ਤੇ ਵੀ ਬੁਰਾ ਅਸਰ ਪੈਂਦਾ ਹੈ। ਬੱਚੇ ਵੀ ਇਸ ਤੋਂ ਇਹੀ ਸਿੱਖਿਆ ਲੈਂਦੇ ਹਨ, ਉਹ ਵੀ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਸਮੱਸਿਆਵਾਂ ਤੋਂ ਮੂੰਹ ਹੀ ਛੁਪਾਉਣਗੇ। ਕੰਮ ਕੋਈ ਵੀ ਵੱਡਾ ਛੋਟਾ ਨਹੀਂ ਹੁੰਦਾ, ਇਹ ਤਾਂ ਮਨੁੱਖ ਦੀ ਸੋਚ ਤੇ ਨਿਰਭਰ ਕਰਦਾ ਹੈ, ਜੇਕਰ ਵੱਡਾ ਕੰਮ ਨਹੀਂ ਤਾਂ ਸਾਨੂੰ ਕਿਸੇ ਨਾ ਕਿਸੇ ਛੋਟੇ ਕੰਮ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਇਸ ਗੱਲ ਦਾ ਸਾਡੇ ਬੱਚਿਆਂ ਤੇ ਚੰਗਾ ਅਸਰ ਪਵੇਗਾ। ਉਹ ਵੀ ਕੰਮ ਨੂੰ ਵੱਡਾ ਛੋਟਾ ਨਹੀਂ ਸਮਝਣਗੇ, ਸਗੋਂ ਮਿਹਨਤ ਕਰਨ ਨੂੰ ਪਹਿਲ ਦੇਣਗੇ। ਲੱਖਾਂ ਰੁਪਏ ਖਰਚ ਕੇ ਸਾਡੇ ਨੌਜਵਾਨ ਬਾਹਰਲੇ ਦੇਸ਼ਾਂ ਵਿਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਦੇ ਹਨ, ਜਿਵੇਂ ਟੈਕਸੀ ਚਲਾਉਣਾ, ਸਫਾਈਆਂ ਕਰਨੀਆਂ ਆਦਿ। ਫਿਰ ਅਸੀਂ ਇਹ ਕੰਮ ਆਪਣੇ ਦੇਸ਼ ਵਿਚ ਰਹਿ ਕੇ ਕਿਉਂ ਨਹੀਂ ਕਰ ਸਕਦੇ। ਸਾਡੇ ਦੇਸ਼ ਵਿਚ 60-70 ਸਾਲਾਂ ਦੇ ਬਜ਼ੁਰਗ ਰਹਿੰਦੇ ਹਨ ਜੋ ਆਪਣੇ ਖੇਤਾਂ ਵਿਚ ਸਬਜ਼ੀਆਂ ਉਗਾਉਂਦੇ ਹਨ, ਫਿਰ ਸ਼ਹਿਰਾਂ ਵਿਚ ਆ ਕੇ ਵੇਚਦੇ ਹਨ ਅਤੇ ਫਿਰ ਆਪਣਾ ਪੇਟ ਭਰਦੇ ਹਨ। ਇਕ ਇਹ ਗੱਲ ਜਾਣ ਕੇ ਬਹੁਤ ਹੈਰਾਨੀ ਹੋਵੇਗੀਕਿ ਜ਼ਮੀਨ ਤਾਂ ਸਿਰਫ ਕੁਝ ਕੁ ਲੋਕਾਂ ਕੋਲ ਹੀ ਹੈ।

ਬਾਕੀ ਲੋਕ ਤਾਂ ਆਪਣੇ ਨਿੱਜੀ ਕਿੱਤਿਆਂ ਤੋਂ ਜਿਵੇਂ ਕਿ ਦੁਕਾਨਦਾਰੀਆਂ, ਨੌਕਰੀਆਂ, ਟੈਕਸੀਆਂ ਚਲਾਉਣਾ, ਡੇਅਰੀ ਉਤਪਾਦ ਕਰਨਾ, ਆਪਣਾ ਕੋਈ ਛੋਟਾ ਬਿਜਨਸ ਕਰਨਾ ਇੱਦਾਂ ਦੇ ਅਨੇਕਾਂ ਹੀ ਹੋਰ ਕੰਮ ਹਨ। ਜਿਹਨਾਂ ਤੋਂ ਇਹ ਇਕ ਚੰਗੀ ਆਮਦਨ ਲੈ ਕੇ ਆਪਣੇ ਜੀਵਨ ਨੂੰ ਬਤੀਤ ਕਰਦੇ ਹਨ ਅਤੇ ਸੰਤੁਸ਼ਟ ਹਨ। ਉਹਨਾਂ ਨੂੰ ਆਪਣੀ ਕਮਾਈ ਅਤੇ ਆਪਣੇ ਖਰਚਿਆਂ ਦਾ ਪੂਰਾ-ਪੂਰਾ ਹਿਸਾਬ ਹੁੰਦਾ ਹੈ।

ਕਿਤੇ ਨਾ ਕਿਤੇ ਕਿਸਾਨ ਵੀਰ ਇਸ ਗੱਲ ਤੋਂ ਬਹੁਤ ਦੂਰ ਹਨ ਕਿ ਉਹ ਆਪਣੀ ਕਮਾਈ ਤੇ ਖਰਚਿਆਂ ਦਾ ਹਿਸਾਬ ਨਹੀਂ ਰੱਖਦੇ ਅਤੇ ਦੂਜਿਆਂ ਨੂੰ ਦੇਖੋ-ਦੇਖੀ ਵਿਆਹਾਂ ਅਤੇ ਮਕਾਨਾਂ ਵਰਗੇ ਬੇਲੋੜੇ ਕਾਰਜਾਂ ਦੇ ਖਰਚਿਆਂ ਲਈ ਬੈਂਕਾਂ ਤੋਂ ਲੱਖਾਂ ਰੁਪਏ ਦਾ ਕਰਜ਼ਾ ਲੈਂਦੇ ਹਨ। ਹਰ ਸਮੇਂ ਆਪਣੀ ਕਮਾਈ ਤੋਂ ਜ਼ਿਆਦਾ ਖਰਚਣਾ ਵੀ ਕਰਜੇ ਦੀ ਪੰਡ ਨੂੰ ਵੱਡੀ ਕਰਦਾ ਹੈ। ਸਾਨੂੰ ਚੁਣੇ ਹੋਏ ਕਿਸੇ ਵੀ ਖੇਤਰ ਵਿਚ ਆਤਮ ਵਿਸ਼ਵਾਸ ਅਤੇ ਸਖਤ ਮਿਹਨਤ ਕਰਨੀ ਚਾਹੀਦੀ ਹੈ, ਆਤਮ ਹੱਤਿਆ ਨਹੀਂ। ਜ਼ਿੰਦਗੀ ਰੱਬ ਦੀ ਦਿੱਤੀ ਹੋਈ ਅਨਮੋਲ ਸੌਗਾਤ ਹੈ। ਮਨੁੱਖ ਨੂੰ ਆਪਣੇ ਹੀ ਹੱਥੀਂ ਇਸ ਨੂੰ ਖਤਮ ਕਰਨ ਦਾ ਕੋਈ ਹੱਕ ਨਹੀਂ ਹੈ।

**ਅਮਨਦੀਪ ਕੌਰ (91-94785-03003)**

# ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਸ਼ਰਧਾਂਜਲੀ ਸਮਾਗਮ





Late Shri. Puran Chand Sharbati (U.S.A)
(15-03-1946 to 12-12-2016)







**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਕੈ-ਲੇਫੋਰਨੀਆ) ਯੂਬਾ ਸਿਟੀ ਵੱਲੋਂ ਬੀਤੇ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਸਵ: ਪੂਰਨ ਚੰਦ ਸਰਬਤੀ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਪੂਰਨ ਚੰਦ ਸਰਬਤੀ ਜੀ ਬਹੁਤ ਹੀ ਧਾਰਮਿਕ ਵਿਚਾਰਾਂ ਵਾਲੇ ਇਨਸਾਨ ਸਨ। ਸਾਰੇ ਧਾਰਮਿਕ ਕੰਮਾਂ ਵਿਚ ਉਹ ਮੋਢੇ ਨਾਲ ਮੋਢਾ ਲਾ ਕੇ ਚੱਲਦੇ ਸਨ। ਉਹਨਾਂ ਦਾ ਜਨਮ ਮਾਰਚ 1946 ਵਿਚ ਪਿੰਡ ਨੰਗਰ ਅੰਬੀਆਂ ਤਹਿਸੀਲ ਸ਼ਾਹਕੋਟ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹਨਾਂ ਨੇ ਲੱਗਭੱਗ 22 ਸਾਲ ਭਾਰਤੀ ਫੌਜ ਵਿਚ ਸੇਵਾ ਕੀਤੀ। ਫੌਜ ਵਿਚੋਂ ਸੇਵਾ ਮੁਕਤੀ ਤੋਂ ਬਾਅਦ ਐਫ. ਸੀ. ਆਈ. ਵਿਚ ਵੀ ਕਾਫੀ ਸੇਵਾ ਕੀਤੀ। ਉਪਰੰਤ 2005 ਵਿਚ ਪੱਕੇ ਤੌਰ 'ਤੇ ਅਮਰੀਕਾ (ਯੂਬਾ ਸਿਟੀ) ਆ ਗਏ ਸਨ। ਇੱਥੇ ਆ ਕੇ ਵੀ ਉਹਨਾਂ ਨੇ ਬਹੁਤ ਮਿਹਨਤ ਕੀਤੀ। ਉਹਨਾਂ ਦੇ ਪਰਿਵਾਰ ਵਿਚ ਪਿੱਛੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਕਰਮਜੀਤ ਕੌਰ ਸਰਬਤੀ ਤੋਂ ਇਲਾਵਾ ਦੋ ਪੁੱਤਰ ਤੇ ਦੋ ਪੁੱਤਰੀਆਂ ਹਨ। ਦੋਹਤੇ ਤੇ ਦੋਹਤੀਆਂ, ਪੋਤਰੇ ਤੇ ਪੋਤਰੀਆਂ ਵੀ ਹਨ। ਇਕ ਪੁੱਤਰ ਤੇ ਇਕ ਪੁੱਤਰੀ ਅਮਰੀਕਾ ਵਿਚ ਹਨ ਅਤੇ ਇਕ ਪੁੱਤਰ ਤੇ ਪੁੱਤਰੀ ਭਾਰਤ ਵਿਚ ਰਹਿ ਰਹੇ ਹਨ। ਮਹਾਂਰਿਸ਼ੀ ਵਾਲਮੀਕ ਸਭਾ ਵਲੋਂ ਸੰਤੋਖ ਸਿੰਘ ਗਿੱਲ ਵੱਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੇ ਪਰਿਵਾਰ ਤ ਜੀਵਨ ਕਾਲ ਬਾਰੇ ਜਾਣਕਾਰੀ ਦਿੱਤੀ ਗਈ। ਇਹਨਾਂ ਤੋਂ ਇਲਾਵਾ ਸ੍ਰੀ ਵਿਨੋਦ ਗਿੱਲ, ਸੋਹਣ ਸਿੰਘ ਨਾਹਰ, ਜੋਗਿੰਦਰ ਸਿੰਘ ਸ਼ੌਂਕੀ ਤੇ ਗੁਰਜੀਤ ਸਿੰਘ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ।

ਸ਼ਰਧਾਂਜਲੀ ਸਮਾਗਮ ਦੌਰਾਨ ਲੰਗਰ ਦੀ ਸੇਵਾ ਪੂਰਨ ਚੰਦ ਸਰਬਤੀ ਜੀ ਦੇ ਪਰਿਵਾਰ (ਪਤਨੀ ਕਰਮਜੀਤ ਕੌਰ, ਪੁੱਤਰ ਵਿਸ਼ਾਲ ਸਰਬਤੀ ਤੇ ਪੁੱਤਰ ਕਿਰਨ ਗਿੱਲ) ਵੱਲੋਂ ਕੀਤੀ ਗਈ। ਇਸ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਵਿਨੋਦ ਗਿੱਲ ਜੀ ਵੱਲੋਂ ਨਿਭਾਈ ਗਈ। ਉਹਨਾਂ ਦੀ ਯਾਦ ਵਿਚ ਕੀਰਤਨ ਤੇ ਸ਼ਬਦ ਗਾਇਨ ਵੀ ਕੀਤਾ ਗਿਆ। ਸਾਰੀ ਸੰਗਤ ਬਹੁਤ ਹੀ ਦੁੱਖੀ ਹਿਰਦੇ ਤੇ ਨਮ-ਅੱਖਾਂ ਨਾਲ ਪੂਰਨ ਚੰਦ ਨੂੰ ਸ਼ਰਧਾਂਜਲੀ ਦੇ ਰਹੀ ਸੀ। ਸਵਰਗੀ ਪੂਰਨ ਚੰਦ ਜੀ ਭਾਰਤ ਰਹਿੰਦੇ ਪਰਿਵਾਰ (ਪੁੱਤਰ, ਧੀ, ਪੋਤਰੇ, ਦੋਹਤਿਆਂ) ਨੂੰ ਮਿਲਣ ਗਏ। ਮੁੜ ਅਮਰੀਕਾ ਆਉਣਾ ਨਸੀਬ ਨਹੀਂ ਹੋਇਆ। ਭਾਰਤ ਆਪਣੇ ਘਰ ਵਿਚ ਬੈਠੇ-ਬੈਠੇ ਗੁਰੂ ਸਾਹਿਬ ਵੱਲੋਂ ਬਖਸ਼ੇ ਸੁਆਸਾਂ ਦੀ ਪੂੰਜੀ ਖਤਮ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਾਰੀਆਂ ਸੰਗਤਾਂ ਵੱਲੋਂ ਭਗਵਾਨ ਵਾਲਮੀਕ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਪੂਰਨ ਚੰਦ ਜੀ ਦੀ ਰੂਹ ਨੂੰ ਸ਼ਾਂਤੀ ਬਖਸ਼ੇ ਤੇ ਪਿੱਛੇ ਸਾਰੇ ਪਰਿਵਾਰ, ਰਿਸ਼ਤੇਦਾਰਾਂ ਤੇ ਸੱਜਣਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਰਿਪੋਰਟ -ਸੰਤੋਖ ਸਿੰਘ ਗਿੱਲ**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 2 ਅਪ੍ਰੈਲ 2017 (ਦਿਨ ਐਤਵਾਰ) ਨੂੰ ਸ੍ਰੀਮਾਨ ਸਾਧੂ ਸਿੰਘ ਜੀ, ਬੀਬੀ ਜਸਵੀਰ ਕੌਰ ਜੀ, ਕਾਕਾ ਰਾਜਕੰਵਰ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਸਾਧੂ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।







ਬੀਤੇ ਦਿਨੀ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰੀ ਦਿਆਲ ਨਰ ਜੀ ਵੱਲੋਂ ਤਿਆਰ ਕੀਤੀ ਗਈ ਧਾਰਮਿਕ ਗੀਤਾਂ ਦੀ ਸੀ. ਡੀ. 'ਕਾਸ਼ੀ ਵਿਚ ਡੇਰਾ' ਰਿਲੀਜ਼ ਕਰਦੇ ਹੋਏ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਸ੍ਰੀ ਦਿਆਲ ਨਰ ਜੀ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

## ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਲੰਗਰ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਜਿਵੇਂ ਕਿ ਸਤਿਕਾਰਯੋਗ ਸੰਗਤ ਜਾਣਦੀ ਹੈ ਕਿ ਗੁਰੂ ਘਰ ਦੇ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਹੀ ਪੂਰੇ ਹੋ ਸਕਦੇ ਹਨ। ਇਸ ਲਈ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਗੁਰੂ ਪਿਆਰੀ ਸਮੂਹ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਲੰਗਰ ਹਾਲ ਦੀ ਹੋ ਰਹੀ ਉਸਾਰੀ ਲਈ ਤਨ-ਮਨ-ਧਨ ਨਾਲ ਸਹਿਯੋਗ ਕਰਕੇ ਆਪਣਾ ਜੀਵਨ ਸਫਲਾ ਬਣਾਓ ਜੀ।

# PCS SACRAMENTO

Presents (USA)

Non Profit

Since 1990

# 28ਵਾਂ ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

Celebration On

## Saturday 29th April 2017

at 3:00 P.M.

Performing Art Centre

## Sheldon High School

**8333 Kingsbridge Drive, Sacramento CA 95829**

Spcl. Appearance

**Bhangra & Gidda**

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

ਪ੍ਰਬੰਧਕੀ ਕਮੇਟੀ: ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੋਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਐਲਖ, ਭੁਪਿੰਦਰ ਗੋਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੋ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਛੋਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੌੜੀ, ਮਨਜੀਤ ਢਿਲੋਂ (ਮੋਡੈਸਟੋ), ਦਲਜੀਤ ਸਿੰਘ ਲੱਪੋ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਰਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

ਸਪੌਂਸਰ ਕਰਤਾ: ਹਰਜੀਤ ਸਿੰਘ (ਮਾਊਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੌਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

*For More Information Please Contact : Participation:* **Rashpal Pharwala (916) 880-0531,**
*Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

## ADMISSION FREE

Please No Alcohol, No Food or Drinks Inside the Hall, No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)